# ਸੂਰਾ


ਮਾਸਕ ਪੱਤਰ

ਅੰਮ੍ਰਿਤਸਰ AMRITSAR

ਤਹੀ ਪ੍ਰਕਾਸ਼ ਹਮਾਰਾ ਭਯੋ ॥ ਪਟਨਾ ਸ਼ਹਿਰ ਵਿਖੇ ਭਵ ਲਯੋ ॥

ਦਸੰਬਰ ੧੯੭੬

Dec. 1976



ਪੋਹ ਸੁਦੀ ਸਪਤਮੀ ਦਾ ਇਹ ਗੁਰਪੁਰਬ ਐਤਕੀ ੨੭ ਦਸੰਬਰ ਨੂੰ ਹੈ। ਕਦੀ ਗੁਰਮੁਖ ਭੌਰੇ ਇਹ ਗੁਰਪੁਰਬ ਭਾਈ ਸਾਹਿਬ ਰਣਧੀਰ ਸਿੰਘ ਜੀ ਦੇ ਸੰਗ ਸਾਥ ਨਾਰੰਗਵਾਲ ਰੰਗਾਂ ਤਰੰਗਾਂ ਵਿਚ ਮਨਾਇਆ ਕਰਦੇ ਸਨ, ਅਜ ਕਲ ਅਖੰਡ ਕੀਰਤਨੀ ਜਥਿਆਂ ਵਲੋਂ ਇਹ ਗੁਰਪੁਰਬ ਸ੍ਰੀ ਗੁਰੂ ਸਿੰਘ ਸਭਾ, ਮਾਡਲ ਟਾਉਨ ਲੁਧਿਆਣਾ ਵਿਖੇ ਮਨਾਇਆ ਜਾਂਦਾ ਹੈ।

www.AKJ.Org

ਡੀ. ਪੀ. ਆਈ. ਪੰਜਾਬ ਵਲੋਂ ਚਿਠੀ ੩/੭੦-੬੮-੨੧ (ਮਿਤੀ-੧੭-੧੦-੬੮ ਅ. ਪ. ) ਅਨੁਸਾਰ
'ਸੂਰਾ' ਮਾਸਕ ਪੱਤਰ ਕਾਲਜਾਂ, ਸਕੂਲਾਂ ਅਤੇ ਸਮਾਜਿਕ ਸਿਖਿਆ ਕੇਂਦਰਾਂ ਦੀਆਂ ਲਾਇਬ੍ਰੇਰੀਆਂ ਲਈ ਪਰਵਾਨ ਹੈ ।

# ਤਤਕਰਾ

ਰਾਮ ਰਾਮ ਬੋਲਿ ਰਾਮ ਰਾਮ — ਬਸੰਤ ਮਹਲਾ ੫ — ੧
......ਉਪਦੇਸੁ ਚਹੁ ਵਰਨਾ ਕਉ ਸਾਂਝਾ (ਗੁਰਬਾਣੀ ਵੀਚਾਰ) — ਭਾਈ ਸਾਹਿਬ ਰਣਧੀਰ ਸਿੰਘ ਜੀ — ੨
ਅਨਿਕ ਭਾਂਤਿ ਕਰਿ ਸੇਵਾ ਕਰੀਐ — ਸਾਰੰਗ ਜੀ, ਕਪੂਰਥਲਾ — ੫
ਕਾਵਿ ਅਨੁਵਾਦ—ਜਾਪ ਸਾਹਿਬ — ਜੇ. ਪੀ. ਸੰਗਤ ਸਿੰਘ ਜੀ — ੮
ਤਖ਼ਤ ਸ੍ਰੀ ਹਜ਼ੂਰ ਸਾਹਿਬ ਦੀ ਮਰਯਾਦਾ—ਬੁੱਢਾ ਦਲ ਦੇ ਜਥੇਦਾਰ ਦਾ ਹੁਕਮਨਾਮਾ ਤੇ ਸਮਕਾਲੀ ਰਾਵਾਂ — ੧੨
(੧) ਸ: ਰਲਾ ਸਿੰਘ ਸਪੈਸ਼ਲ ਅਫਸਰ ਦੀ ਚਿਠੀ — ੧੬
(੨) ਜਾਰੀ ਕੀਤੇ ਗਏ ਹੁਕਮਨਾਮੇ ਬਾਰੇ ਵਖਿਆਨ — ੧੬
[੩] ਮੂਲ ਰੂਪ ਵਿਚ ਹੁਕਮਨਾਮਾ — ੨੧
[੪] ਟਿਪਣੀਆਂ [ੳ] ਸਪਤਾਹਕ 'ਪ੍ਰਕਾਸ਼'—੧. ਸਭ ਗੁਰਮਤਿ ਹੈ ? — ੨੪
੨. ੯੬ ਕਰੋੜੀ ਹੁਕਮਨਾਮਾ, ਅਕਾਲ ਤਖ਼ਤ ਤੇ ਸ਼੍ਰੋਮਣੀ ਕਮੇਟੀ — ੨੫
(ਅ) ਸਪਤਾਹਕ 'ਰਣਜੀਤ', ਬੰਬਈ— ੧. ਸਚਿਖੰਡ ਬਾਰੇ ਬੁੱਢਾ ਦਲ ਦਾ ਫ਼ੈਸਲਾ — ੨੮
੨. ਤਖ਼ਤ ਸਚਿਖੰਡ ਮਰਯਾਦਾ ਸਬੰਧੀ ਫ਼ਤਵੇਬਾਜ਼ੀ — ੩੦
(ੲ) ਸਪਤਾਹਕ 'ਮਾਨ ਸਰੋਵਰ' ਦਿਲੀ — ੩੦
(ਸ) ਮਾਸਕ 'ਗਿਆਨ ਅੰਮ੍ਰਿਤ' ਅੰਮ੍ਰਿਤਸਰ — ੩੧
(ਹ) ਗਿ: ਊਧਮ ਸਿੰਘ ਜੀ ਦੀ ਸਿੰਘ ਸਭਾ ਸ਼ਤਾਬਦੀ ਕਮੇਟੀ ਵਲ ਚਿਠੀ — ੩੨
(ਕ) ਸ: ਸੰਗਤ ਜੀ ਦੀ ਚਿਠੀ—ਸਚਖੰਡ ਦੀ ਮਰਯਾਦਾ — ੩੩
(ਖ) ਸਪੋਕਸਮੈਨ, ਦਿੱਲੀ—ਧਰਮ ਅਸਥਾਨ ਦੀ ਬੇਅਦਬੀ ਅਤੇਅਪਮਾਨ — ੩੪
,, ,, ਅੰਗਰੇਜ਼ੀ Atrocious and Sacrilegious — ੩੭
ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਸਪੱਸ਼ਟੀਕਰਣ — ੩੯
ਨਸ-ਬੰਦੀ ਬਾਰੇ ਸ਼੍ਰੋਮਣੀ ਗੁ: ਪ੍ਰ: ਕਮੇਟੀ ਦਾ ਮਤਾ — ੩੯

ਸਫ਼ਾ ੩੩, ਦੂਜਾ ਕਾਲਮ, ਸਤਰ ੧੪੧ ਵਿਚ ਜਗਤ ਦੀ ਥਾਂ ਜਮਾਤ ਪੜ੍ਹੋ ।

ਇਸ ਵਾਰ ਹਜ਼ੂਰ ਸਾਹਿਬ ਦੀ ਮਰਯਾਦਾ ਸੰਬੰਧੀ ਇਤਿਹਾਸਕ ਫ਼ੈਸਲੇ ਬੜੇ ਸਫ਼ੇ ਲੈ ਗਏ ਹਨ, ਕਈ ਜ਼ਰੂਰੀ ਲਖ ਰਹਿ ਗਏ ਹਨ, ਜੋ ਕਿ ਅਗਲੇ ਪਰਚੇ ਵਿਚ ਦਿਤੇ ਜਾਣਗੇ । ਉਨ੍ਹਾਂ ਵਿਚੋਂ ਕੁਝ ਇਹ ਹਨ :-

ਕੀ ਸਿੰਘਣੀਆਂ ਖੰਡੇ ਤੇ ਬਾਟੇ ਦੇ ਅੰਮ੍ਰਿਤ ਦੀਆਂ ਅਧਿਕਾਰੀ ਨਹੀਂ ? — ਵਲੋਂ ਬੀਬੀ ਹਰਸ਼ਰਨ ਕੌਰ ਜੀ
ਸ੍ਰੀ ਗੁਰੂ ਗ੍ਰੰਥ ਸਾਹਿਬ : ਪਦ-ਛੇਦ ਸਰੂਪ—ਇਕ ਗੰਭੀਰ ਮਸਲਾ — ਸ: ਮਨਮੋਹਨ ਸਿੰਘ ਜੀ M.Sc.
ਹਵਾਈ ਜਹਾਜ਼ ਵਿਚ ਅਖੰਡ ਪਾਠ — ਡੀ. ਐਸ. ਲਾਇਲਪੁਰੀ
ਦੇਹੁ ਸਿਵਾ ਬਰ ਮੋਹਿ ਇਹੈ ('ਦਸਮ ਗ੍ਰੰਥ ਨਿਰਣੈ' ਪੁਸਤਕ ਦੇ ਸੰਬੰਧ ਵਿਚ) — ਗਿਆਨੀ ਮਹਾਂ ਸਿੰਘ ਜੀ

## 'ਸੂਰਾ' ਮਾਸਕ ਪਤਰ ਨੂੰ ਪੁਜੀ ਸਹਾਇਤਾ

| | |
|---|---|
| ਸ: ਹਰਿੰਦਰ ਸਿੰਘ ਜੀ ਮਾਰਫ਼ਤ ਮੈਸਰਜ਼ ਉਤਮ ਸਿੰਘ ਦੁੱਗਲ ਐਂਡ ਕੰਪਨੀ ਬੰਬਈ ਵਲੋਂ | ੨੪-੦੦ |
| ਸ: ਸੁਰਿੰਦਰ ਸਿੰਘ ਜੀ ਟੈਲੀਫ਼ੋਨ ਇਨਸਪੈਕਟਰ ਅੰਮ੍ਰਿਤਸਰ ਵਲੋਂ ਸਮਾਗਮ ਦਾ ਚੜ੍ਹਾਵਾ ਅਤੇ ਸਹਾਇਤਾ | ੪੧-੦੦ |
| ਸ: ਅਵਤਾਰ ਸਿੰਘ ਜੀ ਕਾਨਪੁਰ ਵਲੋਂ ਬੀ: ਤ੍ਰਿਲੋਚਨ ਕੌਰ(ਪੁਤਰੀਸ:ਮੋਹਰਸਿੰਘਜੀ)ਦੇ ਆਨੰਦ ਕਾਰਜ ਦੀ ਖ਼ੁਸ਼ੀ ਵਿਚ | ੧੧-੦੦ |
| Lt. Col. K. S. Gill ਵਲੋਂ ਬਾਊ ਮਲ ਸਿੰਘ ਜੀ ਦੇ ਪੋਤਰੇ ਕੈਪਟਨ ਰਾਜਿੰਦਰ ਸਿੰਘ ਦੇ ਆਨੰਦ ਕਾਰਜ ਦੀ ਖ਼ੁਸ਼ੀ ਵਿਚ | ੫੦-੦੦ |
| ਸ: ਹਰਬੰਸ ਸਿੰਘ ਜੀ ਕੋਟ ਖ਼ਾਲਸਾ ਵਲੋਂ ਬੀਬੀ ਗੁਰਦੀਪ ਕੌਰ ਦੇ ਆਨੰਦ ਕਾਰਜ ਦੀ ਖ਼ੁਸ਼ੀ ਵਿਚ | ੨੫-੦੦ |

ਵਾਹਿਗੁਰੂ ਸਭ ਪ੍ਰੇਮੀਆਂ ਨੂੰ ਸਿਖੀ ਸਿਦਕ, ਤੇ ਸੁੱਚਾ ਜੀਵਨ ਬਖ਼ਸ਼ਣ

ਗੰਭੀਰ ਪ੍ਰਿੰਟਿੰਗ ਪ੍ਰੈਸ, ਚੌਕ ਬਾਬਾ ਭੌੜੀ ਵਾਲਾ, ਅੰਮ੍ਰਿਤਸਰ ਤੋਂ ਛਪਵਾ ਕੇ ਸੇਵਾ ਸਿੰਘ ਪ੍ਰਿੰਟਰ, ਪਬਲਿਸ਼ਰ ਤੇ, ਸੰਪਾਦਕ ਨੇ ਸਰਬ ਹਿੰਦ ਅਖੰਡ ਕੀਰਤਨੀ ਜੱਥੇ ਵਲੋਂ ਬਜ਼ਾਰ ਮਾਈ ਸੇਵਾਂ, ਕੂਚਾ ਚਤਰ ਸਿੰਘ, ਅੰਮ੍ਰਿਤਸਰ ਤੋਂ ੧.੧੨.੭੬ ਨੂੰ ਪ੍ਰਕਾਸ਼ਤ ਕੀਤਾ ।

ਟੈਲੀਫ਼ੋਨ ਨੰਬਰ 5 1 8 4 7

www.AKJ.Org

ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ ॥

੧ੳ ਵਾਹਿਗੁਰੂ ਜੀ ਕੀ ਫਤਹਿ॥

# ਸੂਰਾ

ਮਾਸਕ ਅੰਮ੍ਰਿਤਸਰ ਪੱਤਰ

| | |
|---|---|
| ਸਲਾਨਾ ਚੰਦਾ | ੮–੦੦ |
| ਪਰਦੇਸ | ੧੮–੫੦ |
| ਹਵਾਈ ਰੇਟ ਵੱਖ ਵੱਖ | |
| ਇਕ ਪਰਚਾ | ੦–੭੫ |


ਸੰਪਾਦਕੀ ਬੋਰਡ

ਭਾ: ਜੋਗਿੰਦਰ ਸਿੰਘ
ਭਾਈ ਰਾਮ ਸਿੰਘ
ਗਿ: ਜਸਵੰਤ ਸਿੰਘ
ਗਿ: ਗੁਰਬਚਨ ਸਿੰਘ
ਭਾਈ ਸੇਵਾ ਸਿੰਘ

ਸਰਬ ਹਿੰਦ ਅਖੰਡ ਕੀਰਤਨੀ ਜੱਥੇ ਵਲੋਂ ਗੁਰਮਤਿ ਮਾਸਕ ਪੱਤਰ

ਜਿਲਦ ੧੦ ਦਸੰਬਰ ੧੯੭੬ ਅੰਕ ੧੨

## ਰਾਮ ਰਾਮ ਬੋਲਿ ਰਾਮ ਰਾਮ

ਜਿਸੁ ਬੋਲਤ ਮੁਖੁ ਪਵਿਤੁ ਹੋਇ ॥ ਜਿਸੁ ਸਿਮਰਤ ਨਿਰਮਲ ਹੈ ਸੋਇ ॥
ਜਿਸ ਆਰਾਧੇ ਜਮੁ ਕਿਛੁ ਨ ਕਹੈ ॥ ਜਿਸ ਕੀ ਸੇਵਾ ਸਭੁ ਕਿਛੁ ਲਹੈ॥੧॥
ਰਾਮ ਰਾਮ ਬੋਲਿ ਰਾਮ ਰਾਮ ॥ ਤਿਆਗਹੁ ਮਨ ਕੇ ਸਗਲ ਕਾਮ॥੧॥ਰਹਾਉ॥
ਜਿਸ ਕੇ ਧਾਰੇ ਧਰਣਿ ਅਕਾਸੁ ॥ ਘਟਿ ਘਟਿ ਜਿਸ ਕਾ ਹੈ ਪ੍ਰਗਾਸੁ ॥
ਜਿਸੁ ਸਿਮਰਤ ਪਤਿਤ ਪੁਨੀਤ ਹੋਇ ॥ ਅੰਤਕਾਲਿ ਫਿਰਿ ਫਿਰਿ ਨ ਰੋਇ ॥੨॥
ਸਗਲ ਧਰਮ ਮਹਿ ਊਤਮ ਧਰਮ ॥ ਕਰਮ ਕਰਤੂਤਿ ਕੈ ਊਪਰਿ ਕਰਮ ॥
ਜਿਸ ਕਉ ਚਾਹਹਿ ਸੁਰਿ ਨਰ ਦੇਵ ॥ ਸੰਤ ਸਭਾ ਕੀ ਲਗਹੁ ਸੇਵ ॥੩॥
ਆਦਿ ਪੁਰਖਿ ਜਿਸੁ ਦੀਆ ਦਾਨੁ ॥ ਤਿਸ ਕਉ ਮਿਲਿਆ ਹਰਿ ਨਿਧਾਨੁ ॥
ਤਿਸ ਕੀ ਗਤਿ ਮਿਤਿ ਕਹੀ ਨ ਜਾਇ॥ ਨਾਨਕ ਜਨ ਹਰਿ ਹਰਿ ਧਿਆਇ ॥੪॥੯॥

[ਬਸੰਤ ਮਹਲਾ ੫, ਪੰਨਾ ੧੧੯੨

ਚਿੱਠੀ ਪੱਤਰ ਤੇ ਰਕਮ ਭੇਜਣ ਲਈ :—
ਮੈਨੇਜਰ, 'ਸੂਰਾ' ਮਾਸਕ ਪੱਤਰ, ਕੂਚਾ ਚਤਰ ਸਿੰਘ, ਅੰਮ੍ਰਿਤਸਰ

www.AKJ.Org

# ਗੁਰਬਾਣੀ-ਵੀਚਾਰ

## ਖਤ੍ਰੀ ਬ੍ਰਹਮਣ ਸੂਦ ਵੈਸ ਉਪਦੇਸੁ ਚਹੁ ਵਰਨਾ ਕਉ ਸਾਂਝਾ ॥

[ਵਲੋਂ:—ਗੁਰਪੁਰਵਾਸੀ ਭਾਈ ਸਾਹਿਬ ਰਣਧੀਰ ਸਿੰਘ ਜੀ]

ਸੂਹੀ ਮਹਲਾ ੫ ॥

ਕਰਮ ਧਰਮ ਪਾਖੰਡ ਜੋ ਦੀਸਹਿ ਤਿਨ ਜਮੁ ਜਾਗਾਤੀ ਲੂਟੈ ॥
ਨਿਰਬਾਣ ਕੀਰਤਨੁ ਗਾਵਹੁ ਕਰਤੇ ਕਾ ਨਿਮਖ ਸਿਮਰਤ ਜਿਤੁ ਛੂਟੈ ॥੧॥
ਸੰਤਹੁ ਸਾਗਰੁ ਪਾਰਿ ਉਤਰੀਐ ॥
ਜੇ ਕੋ ਬਚਨੁ ਕਮਾਵੈ ਸੰਤਨ ਕਾ ਸੋ ਗੁਰਪਰਸਾਦੀ ਤਰੀਐ ॥੧॥ਰਹਾਉ॥
ਕੋਟਿ ਤੀਰਥ ਮਜਨ ਇਸਨਾਨਾ ਇਸੁ ਕਲਿ ਮਹਿ ਮੈਲੁ ਭਰੀਜੈ ॥
ਸਾਧ ਸੰਗਿ ਜੋ ਹਰਿ ਗੁਣ ਗਾਵੈ ਸੋ ਨਿਰਮਲੁ ਕਰਿ ਲੀਜੈ ॥੨॥
ਬੇਦ ਕਤੇਬ ਸਿਮ੍ਰਿਤਿ ਸਭਿ ਸਾਸਤ ਇਨ੍ਹ ਪੜਿਆ ਮੁਕਤਿ ਨ ਹੋਈ ॥
ਏਕੁ ਅਖਰੁ ਜੋ ਗੁਰਮੁਖਿ ਜਾਪੈ ਤਿਸ ਕੀ ਨਿਰਮਲ ਸੋਈ ॥੩॥
ਖਤ੍ਰੀ ਬ੍ਰਹਮਣ ਸੂਦ ਵੈਸ ਉਪਦੇਸੁ ਚਹੁ ਵਰਨਾ ਕਉ ਸਾਂਝਾ ॥
ਗੁਰਮੁਖਿ ਨਾਮੁ ਜਪੈ ਉਧਰੈ ਸੋ ਕਲ ਮਹਿ ਘਟਿ ਘਟਿ ਨਾਨਕ ਮਾਝਾ॥੪॥੩॥ (੭੪੭)

ਵਿਆਖਿਆ :—

ਪਰਸਿਧ ਆਨ ਮਤਾਂ ਦੇ ਕਰਮ ਧਰਮ ਜਿਤਨੇ ਭੀ ਹਨ ਸੋ ਸਭਿ ਪਾਖੰਡ ਰੂਪ ਹਨ। ਤਿਨ੍ਹਾਂ ਪਾਖੰਡ ਰੂਪ ਕਰਮਾਂ ਧਰਮਾਂ ਦੇ ਕੀਤਿਆਂ ਕਰਨਹਾਰੇ ਜੀਵਾਂ ਦਾ ਕੱਖ ਨਹੀਂ ਸੰਵਰਨਾ, ਸਗੋਂ ਅਗੇ ਜਾ ਕੇ ਏਹਨਾਂ ਪਾਖੰਡ ਕਰਮਾਂ ਧਰਮਾਂ ਦੇ ਕਰਨਹਾਰਿਆਂ ਉਤੇ ਜਮ ਜਾਗਾਤੀ ਦੀ ਜਗਾਤ (ਜ਼ੁਕਾਤ) ਦੇਣੀ ਪੈਂਦੀ ਹੈ। ਜਮ ਦਾ ਭਾਰਾ ਟੈਕਸ ਲਗਦਾ ਹੈ। ਜਿਸ ਕਰਕੇ ਉਕਤ ਕੀਤੇ ਕਰਮ ਧਰਮ ਸਾਰੇ ਹੀ ਲੁੱਟੇ ਖਸੁੱਟੇ ਜਾਣੇ ਹਨ ਅਤੇ ਜਮ ਦਾ ਡੰਡ ਕਰਾਰਾ ਵਖਰਾ ਸਹਿਣਾ ਪੈਂਦਾ ਹੈ। ਇਹ ਅਨਮਤ ਕਰਮ ਧਰਮ ਕੀਤੇ ਅਗੇ ਜਾ ਕੇ ਉੱਕੇ ਹੀ ਸਹਾਈ ਨਹੀਂ ਹੁੰਦੇ। ਚਾਹੇ ਸਾਰੀ ਉਮਰ ਹੀ ਕੋਈ ਕਰਮਚਾਰੀ ਧਰਮਚਾਰੀ ਇਹਨਾਂ ਕਰਮਾਂ ਧਰਮਾਂ ਨੂੰ ਕਰਦਾ ਰਹੇ, ਉਸ ਦਾ ਕਦੇ ਭੀ ਛੁਟਕਾਰਾ ਨਹੀਂ ਹੁੰਦਾ ਜਮ ਜਾਗਾਤ ਤੋਂ। ਜਮ ਦੀ ਡੰਡ ਸਹਾਤ ਤੋਂ। ਛੁਟਕਾਰਾ ਹੁੰਦਾ ਹੈ ਤਾਂ ਕੇਵਲ ਗੁਰਬਾਣੀ ਦੇ ਨਿਰਬਾਣ (ਨਿਰੋਲ) ਕੀਰਤਨ ਕੀਤਿਆਂ, ਗੁਰਬਾਣੀ ਦੇ ਨਿਰਬਾਣ ਕੀਰਤਨ ਦੁਆਰਾ ਵਾਹਿਗੁਰੂ ਕਰਤੇ ਪੁਰਖ ਦਾ ਜਸ ਗਾਇਆਂ ਅਤੇ ਸਿਫ਼ਤ-ਸਾਲਾਹਿਆਂ ਹੁੰਦਾ ਹੈ। ਗੁਰਮਤਿ ਨਾਮ, ਸਿਫਤ-ਸਾਲਾਹੀ ਸਿਮਰਨ ਗੁਰਮੁਖਾਂ ਦੀ ਰਸਨਾ ਤੋਂ ਇਕ ਨਿਮਖ ਮਾਤਰ ਕੀਤਾ ਹੋਇਆ ਹੀ ਛੁਟਕਾਰਾ ਨਿਸਤਾਰਾ ਕਰਿ ਦਿੰਦਾ ਹੈ, ਜੋ ਛੁਟਕਾਰਾ ਤੇ ਨਿਸਤਾਰਾ ਸਾਰੀ ਉਮਰ ਆਨਮਤ ਕਰਮਾਂ ਧਰਮਾਂ ਦੇ ਕੀਤਿਆਂ ਨਹੀਂ ਹੁੰਦਾ। ਤਾਂ ਤੇ ਪਰਮਾਰਥ ਦੇ ਪਾਂਧੀਆਂ, ਗੁਰਮਤਿ ਗੁਰੂ ਘਰ ਦੇ ਉਚ ਆਤਮ-ਅਕਾਂਖੀਆਂ, ਸੰਤਾਂ ਭਗਤਾਂ ਨੂੰ ਹੀ ਭਵ-ਸਾਗਰ ਤੋਂ ਪਾਰ ਉਤਰਨ ਦਾ ਸਚਾ ਈਸ਼ਰੀ ਈਸ਼ਰ ਰਹਿਮਤੀ ਲਾਈਸੈਂਸ ਮਿਲਿਆ ਹੈ, ਹੋਰ ਕਿਸੇ ਨੂੰ ਨਹੀਂ।

ਹੋਰ ਜਿਸ ਕਿਸੇ ਨੇ ਭੀ ਇਸ ਭਵ-ਸਾਗਰ ਤੋਂ



www.AKJ.Org

ਤਰਨਾ-ਉਧਰਨਾ ਮਨਸੂਬਿਆ ਹੋਵੇ, ਸੋ ਪੁਰਸ਼ ਗੁਰ ਪ੍ਰਸਾਦੀ ਹੀ ਤਰ ਸਕਦਾ ਹੈ। ਅਤੇ ਗੁਰ ਕਰਤਾਰ ਦੀ ਇਸ ਨਿਸਤਾਰੇ, ਪਾਰ ਉਤਾਰੇ ਦੀ ਰਹਿਮਤ ਓਸੇ ਤੇ ਨਾਜ਼ਲ ਹੁੰਦੀ ਹੈ ਜੋ ਸੰਤ ਸਰੂਪ ਪੰਜਾਂ ਪਿਆਰਿਆਂ ਸ੍ਰੇਸ਼ਟ ਜਨਾਂ ਦੁਆਰਾ ਮਿਲੀ ਗੁਰਦੀਖਿਆ ਮਈ ਬਚਨ (ਗੁਰਮੰਤਰ) ਨੂੰ ਅਭਿਆਸ ਕਰਿ ਕਰਿ ਕਮਾਵੰਦੇ ਹਨ।

ਇਸ ਕਲਜੁਗ ਵਿਖੇ ਭਾਵੇਂ ਆਨਮਤੀ ਕਰੋੜਾਂ ਤੀਰਥਾਂ ਦਾ ਇਸ਼ਨਾਨ ਅਤੇ ਪੁਰਬੀ ਮਹਾਤਮ ਵਾਲਾ ਮੱਜਨ-ਇਸ਼ਨਾਨ ਕੀਤਾ ਜਾਵੇ ਤਾ ਭੀ ਓਹਨਾਂ ਮੱਜਨ ਕਰਨਹਾਰਿਆਂ, ਮੱਜਨ-ਇਸ਼ਨਾਨੀਆਂ ਦੀ ਮੈਲ ਨਹੀਂ ਲਹਿੰਦੀ। ਮੈਲ ਲਗੀ ਹੀ ਰਹਿੰਦੀ ਹੈ, ਮੱਜਨ ਇਸ਼ਨਾਨ ਕਰਨਹਾਰੇ ਮੈਲ ਭਰੇ ਹੀ ਰਹਿੰਦੇ ਹਨ, ਕਿਉਂਕਿ ਕਲਜੁਗ ਵਿਖੇ ਕਿਸੇ ਆਨਮਤੀ ਤੀਰਥ ਦਾ ਮਹੱਤ ਬਰਕਤੀ ਮਹਾਤਮ ਨਹੀਂ ਰਿਹਾ। ਇਹਨਾਂ ਵਿਚ ਨ੍ਹਾਤਿਆਂ ਭੀ ਮੈਲ ਲਹਿੰਦੀ ਨਹੀਂ। ਮੈਲ ਲਹਿੰਦੀ ਹੈ ਤਾਂ ਕਲਜੁਗ ਵਿਖੇ ਗੁਰੂ ਘਰ ਦੀ ਸਾਧ ਸੰਗਤਿ ਵਿਚ ਬੈਠੇ ਹਰਿਗੁਣ ਗਾਉਣਹਾਰਿਆਂ ਗੁਰਮੁਖਾਂ ਦੀ ਲਹਿੰਦੀ ਹੈ। ਗੁਰਮੁਖਿ ਜਨ ਸਾਧ ਸੰਗਤ ਸਰੋਵਰੀ ਹਰਿ ਜਸ ਦਾ ਇਸ਼ਨਾਨ ਕਰਿ ਕਰਿ ਨਿਰਮਲ ਹੋ ਜਾਂਦੇ ਹਨ। ਵਾਹਿਗੁਰੂ ਦਾ ਜਸ ਗਾਉਣਹਾਰਿਆਂ ਨੂੰ, ਵਾਹਿਗੁਰੂ ਪਾਰਸ-ਕਲਾ ਵਰਤਾਇ ਕੇ ਆਪਿ ਨਿਰਮਲ ਕਰ ਦਿੰਦਾ ਹੈ।

ਹੋਰ ਜੋ ਕੋਈ ਅਨਮਤ ਦੇ ਧਰਮ ਪੁਸਤਕ ਹਨ, ਚਾਰੇ ਬੇਦ ਹਿੰਦੂਆਂ ਦੇ, ਸਾਰੀਆਂ ਮੁਸਲਮਾਨੀ ਮਤ ਦੀਆਂ ਕੁਰਾਨ ਆਦਿਕ ਕਿਤਾਬਾਂ, ਹਿੰਦੂ ਮਤ ਦੇ ਰਿਸ਼ੀਆਂ ਮੁਨੀਆਂ ਦੀਆਂ ਸਾਜੀਆਂ (ਰਚੀਆਂ) ਸ਼ਾਸਤਰ ਸਿਮ੍ਰਤੀਆਂ ਆਦਿਕ ਧਰਮ ਪੁਸਤਕਾਂ ਹਨ, ਇਹਨਾਂ ਦੇ ਪੜ੍ਹਿਆਂ ਤੋਂ ਮੁਕਤੀ ਨਹੀਂ ਹੁੰਦੀ, ਮੁਕਤੀ ਪ੍ਰਾਪਤਿ ਨਹੀਂ ਹੁੰਦੀ। ਗੁਰੂ ਘਰ ਦੇ ਗੁਰਮੁਖਾਂ ਦੀ ਇਕ ਗੁਰਮਤੀ ਜਾਪ ਤੋਂ ਕਲਿਆਣ ਹੋ ਜਾਂਦੀ ਹੈ। ਤਿਨ੍ਹਾਂ ਨੂੰ ਅਗੇ ਜਾ ਕੇ ਸਚੀ ਦਰਗਾਹ ਵਿਚ ਨਿਰਾਲੀ ਹੀ ਸੋਭਾ ਦਾ ਮੁਨਾਸਬ ਮੁਰਾਤਬਾ ਮਿਲਦਾ ਹੈ। ਗੁਰਮੰਤਰ ਦੇ ਇਕ-ਲਫਜ਼ੀ ਜਾਪ ਅਭਿਆਸ ਨਾਲਿ ਓਹ ਮੁਕਤੀਸ਼ਰੀ ਮੁਰਾਤਬਾ ਮਿਲਦਾ ਹੈ, ਗੁਰਮਤਿ ਨਾਮ ਅਭਿਆਸ ਕਰਨਹਾਰੇ ਗੁਰਮੁਖਿ ਅਭਿਆਸੀ ਜਨ ਨੂੰ, ਜੋ ਸਾਰੀ ਉਮਰ ਉਪਰ ਦਸੀਆਂ ਆਨਮਤ ਧਰਮ-ਪੁਸਤਕਾਂ ਦੇ ਪੜ੍ਹਨ-ਹਾਰਿਆਂ ਨੂੰ ਨਹੀਂ ਮਿਲਦਾ। ਉਨ੍ਹਾਂ ਨੂੰ ਤਾਂ ਮੁਕਤੀ ਉੱਕੀ ਹੀ ਪ੍ਰਾਪਤ ਨਹੀਂ ਹੁੰਦੀ।

ਫੇਰ ਗੁਰਮਤਿ ਨਾਮ ਦੇ ਜਾਪ-ਅਭਿਆਸ ਦਾ ਵਾਧਾ ਇਹ ਹੈ ਕਿ ਇਸ ਦਾ (ਗੁਰਮੰਤਰ ਦਾ) ਜਾਪ-ਅਭਿਆਸ ਦਾ ਅਧਿਕਾਰ ਹਰ ਮਤ-ਮਤਾਂਤਰੀ, ਹਰ ਇਕ ਮਜ਼ਹਬ ਮਿੱਲਤ, ਜ਼ਾਤ ਪਾਤ ਦੇ ਆਦਮੀਆਂ ਲਈ ਖੁਲ੍ਹਾ ਹੈ ਅਤੇ ਇਸ ਦਾ ਸਾਂਝੀਵਾਲ ਹਰ ਫ਼ਰਦੇ-ਬਸ਼ਰ ਹੈ, ਹਰ ਇਨਸਾਨ ਹੈ, ਭਾਵੇਂ ਜ਼ਾਤ ਪਾਤ ਕਰਕੇ ਸਦਾਉਣ ਵਾਲੇ ਉਚੇ ਨੀਵੇਂ ਕਿਸੇ ਫ਼ਿਰਕੇ ਦਾ ਹੋਵੇ। **ਇਥੇ ਊਚ ਨੀਚ ਦਾ ਕੋਈ ਵਿਤਕਰਾ ਨਹੀਂ, ਅਧਿਕਾਰ ਸਭਨਾਂ ਦਾ ਸਾਂਝਾ ਹੈ।** ਹਰੇਕ ਮਜ਼ਹਬ ਦਾ, ਹਰੇਕ ਮਤ ਦਾ, ਹਰੇਕ ਜ਼ਾਤ ਪਾਤ ਫ਼ਿਰਕੇ ਦਾ ਪ੍ਰਾਣੀ ਇਸ ਗੁਰਮੰਤਰ ਜਾਪ ਅਭਿਆਸ ਤੇ ਉਪਦੇਸ਼ ਦਾ ਪਾਤਰ ਅਧਿਕਾਰੀ ਹੈ। ਕਿਸੇ ਪੁਰਸ਼ ਜ਼ਾਤ ਪਾਤ ਲਈ ਇਹ ਜਾਪ ਮਖ਼ਸੂਸ ਨਹੀਂ, ਜੈਸੇ ਕਿ ਹਿੰਦੂ ਮਤ ਵਿਚ ਖਤਰੀ, ਬ੍ਰਾਹਮਣ, ਸੂਦ ਤੇ ਵੈਸ਼ ਚੌਹਾਂ ਜ਼ਾਤਾਂ ਵਰਨਾਂ ਦਾ ਵਿਤਕਰਾ ਹੈ। ਉਹਨਾਂ ਵਿਚ ਵੇਦ-ਮੰਤਰਾਂ ਦੇ ਅਧਿਕਾਰੀ, ਧਰਮ ਸ਼ਾਸਤ੍ਰਾਂ ਦੇ ਪੜ੍ਹਨ ਦੇ ਅਧਿਕਾਰੀ ਖ਼ਾਸ ਖ਼ਾਸ ਜਾਤ ਵਰਨ ਦੇ ਪੁਰਸ਼ ਹੀ ਗਰਦਾਨੇ ਜਾਂਦੇ ਹਨ, ਸੂਦਰ ਆਦਿਕ ਉੱਕੇ ਹੀ ਅਧਿਕਾਰੀ ਨਹੀਂ। ਇਸਤ੍ਰੀ ਜ਼ਾਤੀ ਨੂੰ ਭੀ ਸੂਦਰ ਸਮਝ ਕੇ ਦੁਰਕਾਰਿਆ ਜਾਂਦਾ ਹੈ।

ਗੁਰੂ ਘਰ ਦਾ ਗੁਰਮੁਖੀ ਨਾਮ ਐਸਾ ਹੈ, ਜਿਸ ਨੂੰ ਕੋਈ ਜਪੇ, ਉਸ ਦਾ ਉਧਾਰ ਹੋ ਜਾਂਦਾ ਹੈ। ਕਲਜੁਗ ਵਿਖੇ ਉਧਾਰ ਹੀ ਨਾਮ, ਗੁਰਮਤਿ ਨਾਮ ਜਪਿਆਂ ਹੁੰਦਾ ਹੈ ਅਤੇ ਸਾਰੇ ਪ੍ਰਾਣੀਆਂ ਇਨਸਾਨਾਂ ਦਾਰਦ ਦੀਨਾਂ ਦਾ ਉਧਾਰ ਹੋ ਜਾਂਦਾ ਹੈ, ਪਰ ਗੁਰਸਿਖ ਤੇ ਗੁਰਮੁਖਿ ਬਣ ਕੇ। **ਗੁਰਮੁਖ ਬਣਨ ਦਾ, ਗੁਰਸਿਖ ਸਜਣ ਦਾ, ਅੰਮ੍ਰਿਤ ਛਕਣ ਦਾ ਅਧਿਕਾਰ ਸਾਰਿਆਂ ਨੂੰ ਹੈ, ਇਨਸਾਨ ਮਾਤਰ ਨੂੰ। ਮਲੇਛ ਚੰਡਾਲਾਂ ਨੂੰ ਭੀ ਹੈ। ਸਭੇ ਹੀ ਅੰਮ੍ਰਿਤ ਬਾਟੇ ਦੇ**



www.AKJ.Org

ਸਾਂਝੀਵਾਲ ਹਨ । ਕੋਈ ਭੀ ਬਾਹਰ ਨਹੀਂ। ਕਿਸੇ ਦਾ ਖ਼ਾਸ ਹੱਕ ਮਖ਼ਸੂਸ ਨਹੀਂ । ਕਿਸੇ ਦਾ ਹੱਕ ਮਹਿਦੂਦ ਤੇ ਮਹਿਫ਼ੂਜ਼ ਨਹੀਂ, ਗੁਰਮਤਿ ਦੇ ਉਪਦੇਸ਼ ਦਾ, ਸਭ ਵਰਨਾਂ ਆਸ਼੍ਰਮਾਂ, ਮਜ਼ਹਬਾਂ ਮਤਾਂ ਲਈ ਸਾਂਝਾ ਹੈ। ਊਚ ਨੀਚ ਦਾ ਵੰਡ-ਵੰਡੇਵਾਂ ਵਖੇਵਾਂ ਇਥੇ ਉੱਕਾ ਹੀ ਨਹੀਂ । ਜੋ ਪ੍ਰਾਣੀ ਭੀ ਅੰਮ੍ਰਿਤ ਛਕ ਕੇ ਅਤੇ ਅੰਮ੍ਰਿਤ-ਸਿੰਚਾਰ ਸਮੇਂ ਨਾਮ-ਗੁਰਮੰਤਰੀ ਦੀਖਿਆ ਲੈ ਕੇ ਫੇਰ ਗੁਰਮਤਿ ਨਾਮ ਦੇ ਅਭਿਆਸ ਦੀਆਂ ਅਤੁਟ ਜਾਪ ਕਮਾਈਆਂ ਕਰ ਲਵੇ, ਉਸ ਦਾ ਉਧਾਰ ਹੋ ਜਾਂਦਾ ਹੈ। ਇਸ ਕਲੀ ਕਾਲ ਵਿਖੇ ਗੁਰਮਤਿ ਧਰਮ ਧਾਰਨੀਆਂ ਦੀ ਇਹੀ ਵਿਸ਼ੇਸ਼ਤਾ ਹੈ । ਆਨਮਤੀ ਜਾਤ ਪਾਤੀ ਵਿਤਕਰੇ ਵਾਲੀ ਹੇਚਤਾ ਏਥੇ ਨਹੀਂ ।

[ਪੁਸਤਕ 'ਗੁਰਮਤਿ ਕਰਮ ਫ਼ਿਲਾਸਫ਼ੀ' ਵਿਚੋਂ

---

[ਸਫ਼ਾ ੭ ਦੀ ਬਾਕੀ]

ਲਈ ਤਾਂ ਪੰਚਮ ਸਰੂਪ ਵਿਚ ਫ਼ੁਰਮਾਨ ਹੋਇਆ—

ਮਨੁ ਬੇਚੈ ਸਤਿਗੁਰ ਕੈ ਪਾਸਿ ॥
ਤਿਸੁ ਸੇਵਕ ਕੇ ਕਾਰਜ ਰਾਸਿ ॥
(ਸੁਖਮਨੀ ਸਾਹਿਬ, ੨੮੬)

ਮਨ ਵੇਚ ਕੇ, ਮਨ ਦੇ ਕੇ, ਮਨ ਗੁਰੂ ਨੂੰ ਸਉਂਪ ਕੇ, ਗੁਰੂ ਦੇ ਹਵਾਲੇ ਕਰ ਕੇ ਹੀ ਤਨ ਅਤੇ ਧਨ ਦੀ ਸੇਵਾ ਕਰਨੀ ਸਫਲ ਹੈ ।

ਗੁਰਬਾਣੀ ਵਿਚ ਸੇਵਾ ਦਾ ਸਭ ਤੋਂ ਉਤਮ ਪਹਿਲੂ ਨਾਮ ਜਪਣਾ ਹੈ। ਸੁਆਸ-ਗਿਰਾਸ ਜਪਣਾ, ਰਸਨਾ ਨਾਲ ਜਪਣਾ, ਮਨ ਅੰਦਰ ਜਪਣਾ, ਇਹ ਸਭ ਸੇਵਾ ਹੀ ਹੈ। ਅਸੀਂ ਹੁਣ ਤਕ ਜਿਸ ਸੇਵਾ ਬਾਰੇ ਵਿਚਾਰ ਕਰ ਰਹੇ ਸਾਂ ਉਹ ਪੰਥਕ ਪਖ ਤੋਂ ਸੀ। ਪਰ ਮਨੁੱਖ ਦੇ ਆਪਣੇ ਕਲਿਆਣ ਲਈ ਤਾਂ ਇਕੋ ਇਕ ਸੇਵਾ ਹੈ, ਜੋ ਹਰ ਪ੍ਰਾਣੀ ਨੂੰ ਮਨ ਲਾ ਕੇ ਕਰਨੀ ਚਾਹੀਦੀ ਹੈ। ਉਹ ਹੈ ਇਕ-ਮਨ ਇਕ-ਚਿਤ ਹੋ ਕੇ ਵਾਹਿਗੁਰੂ ਜੀ ਦੇ ਗੁਣ ਗਾਉਣੇ।

ਨਾਮੁ ਹਮਾਰੈ ਗੁਰ ਕੀ ਸੇਵਾ ॥ (੧੧੪੫)

ਨਾਮ ਜਪਣ ਵਾਲੀ ਉਚੀ ਸੁਚੀ ਸੇਵਾ, ਸਾਰੀਆਂ ਸੇਵਾਵਾਂ ਦੀ ਜੜ੍ਹ ਹੈ। ਸਤਿਗੁਰੂ ਪਾਤਿਸ਼ਾਹ ਦਾ ਹੁਕਮ ਹੈ ਕਿ—

ਪ੍ਰਿਥਮੇ ਮਨੁ ਪਰਬੋਧੈ ਅਪਨਾ ਪਾਛੈ ਅਵਰ ਰੀਝਾਵੈ ॥
(੩੮੧)

ਜਿਸ ਜਨ ਦਾ ਆਪਣਾ ਮਨ ਹੀ ਸੋਧਿਆ ਪਰਬੋਧਿਆ ਨਹੀਂ ਗਿਆ, ਉਸ ਨੇ ਦੂਜੀ ਹੋਰ ਕੋਈ ਸੇਵਾ ਕੀ ਕਰਨੀ ਹੈ। ਜੇ ਕਰੇਗਾ ਤਾਂ ਹਉਮੈ ਹੀ ਵਿਆਪੇਗੀ। ਮਨ ਸੋਧੇ ਪਰਬੋਧੇ ਬਿਨਾਂ ਕੋਈ ਸੇਵਾ ਹੋ ਹੀ ਨਹੀਂ ਸਕਦੀ। ਨਾਮ ਦੀ ਅਤੁਟ ਅਭਿਆਸ ਕਰਨ ਨਾਲ ਮਨ ਦੇ ਫੁਰਨੇ ਕੁਫੁਰਨੇ ਦਗਧ ਹੁੰਦੇ ਹਨ, ਸੰਸਾਰੀ ਰਸਾਂ ਕੁਰਸਾਂ ਤੋਂ ਉਪਰਾਮਤਾ ਹੋ ਜਾਂਦੀ ਹੈ ਅਤੇ ਸੁਰਤੀ ਵਿਚ ਇਕਾਗਰਤਾ ਆਉਂਦੀ ਹੈ। ਮਨ ਮਾਰਨ ਲਈ ਨਾਮ-ਜਾਪ ਦੀ ਸੇਵਾ ਸਭ ਤੋਂ ਉਤਮ ਤੇ ਵਧੀਆ ਵਸੀਲਾ ਹੈ। ਚਾਹੇ ਤਨ ਦੀ ਸੇਵਾ ਨਾਲ ਵੀ ਮਨ ਤੇ ਘਾਸੀ ਪੈਂਦੀ ਹੈ, ਪਰ ਨਾਮ ਤੋਂ ਥੋਥੀ ਸੇਵਾ ਹਉਮੈ ਦੇ ਟੋਏ ਵਿਚ ਹੀ ਸੁਟਦੀ ਹੈ।

ਹਰਿ ਕੀ ਤੁਮ ਸੇਵਾ ਕਰਹੁ, ਦੂਜੀ ਸੇਵਾ
ਕਰਹੁ ਨ ਕੋਇ ਜੀ ॥ ਹਰਿ ਕੀ ਸੇਵਾ ਤੇ
ਮਨਹੁ ਚਿੰਦਿਆ ਫਲੁ ਪਾਈਐ, ਦੂਜੀ ਸੇਵਾ
ਜਨਮੁ ਬਿਰਥਾ ਜਾਇ ਜੀ ॥
[ਗੂਜਰੀ ਮ: ੩, ਪੰਨਾ ੪੯੦

ਅਤੇ—ਹਰਿ ਕੀ ਟਹਲ ਕਮਾਵਣੀ ਜਪੀਐ ਪ੍ਰਭ
ਕਾ ਨਾਮੁ ॥ (੩੦੦)

ਤਥਾ—ਟਹਲ ਸੰਤਨ ਕੀ, ਸੰਗੁ ਸਾਧੂ ਕਾ, ਹਰਿ
ਨਾਮਾ ਜਪਿ ਪਰਮ ਗਤੇ ॥

ਬਸ ਜੀ, ਇਹੋ 'ਹਰਿ ਨਾਮਾ ਜਪਿ ਪਰਮ ਗਤੇ' ਹੀ ਸਫਲ ਸੇਵਾ ਹੈ, ਬਾਕੀ ਹੋਰ ਸੇਵਾਵਾਂ ਇਸ ਦੇ ਅਧੀਨ ਹੀ ਹਨ। ਇਸ ਸੇਵਾ ਦੇ ਬਣ ਆਉਣ ਨਾਲ ਬਾਕੀ ਸੇਵਾਵਾਂ ਆਪਣੇ ਆਪ ਹੀ ਹੋ ਆਉਂਦੀਆਂ ਹਨ। ਬ ਵ, ਉਨ੍ਹਾਂ ਦੇ ਕਮਾਉਣ ਦਾ ਉਮਾਹ, ਉਤਸ਼ਾਹ ਤੇ ਉਛਾਲਾ ਅੰਦਰੋਂ ਹੀ ਨਿਸ਼ਕਾਮਤਾ ਸਹਿਤ ਸਹਿਜ ਸੁਭਾਇ ਉਪਜਦਾ ਰਹਿੰਦਾ ਹੈ। ਅਜਿਹੀ ਅਵਸਥਾ ਵਿਚ ਕੀਤੀ ਜਾ ਰਹੀ ਸੇਵਾ ਵਿਚ ਨਾਂ ਮਾਤਰ ਵੀ ਦਿਖਾਵੇ ਦੀ ਲੇਸ ਨਹੀਂ ਹੁੰਦੀ।

ਕਰਿ ਦਾਸ ਦਾਸੀ ਤਜਿ ਉਦਾਸੀ, ਕਰ ਜੋੜਿ
ਦਿਨੁ ਰੈਣਿ ਜਾਗੀਐ ॥ ਨਾਨਕੁ ਵਖਾਣੈ ਗੁਰ
ਬਚਨਿ ਜਾਣੈ, ਆਉ ਸਖੀ ਸੰਤ ਪਾਸਿ ਸੇਵਾ
ਲਾਗੀਐ ॥੩॥ [ਆਸਾ ਮਹਲਾ ੫, ਪੰਨਾ ੪੫੭



www.AKJ.Org

# ਅਨਿਕ ਭਾਂਤਿ ਕਰਿ ਸੇਵਾ ਕਰੀਐ

[ ਵਲੋਂ—ਸਾਰੰਗ ਜੀ, ਕਪੂਰਥਲਾ ]

ਬਾਕੀ ਧਰਮਾਂ ਵਿਚ ਭੀ ਸ਼ਰਧਾਲੂ ਜਨ ਸੇਵਾ ਕਰਦੇ ਹਨ, ਪਰ ਗੁਰੂ ਘਰ ਵਿਚ ਸੇਵਾ ਉਤੇ ਬਹੁਤ ਜ਼ੋਰ ਦਿਤਾ ਗਿਆ ਹੈ। ਗੁਰੂ ਵਿਅਕਤੀਆਂ ਨੇ ਗੁਰੂ ਬਣਨ ਤੋਂ ਪਹਿਲਾਂ ਸੇਵਾ ਕਰ ਕੇ ਸਾਡੇ ਲਈ ਮਨੋਹਰ ਪੂਰਨੇ ਪਾਏ। ਸੇਵਾ ਤਨ ਦੀ ਭੀ ਹੈ, ਮਨ ਦੀ ਭੀ ਹੈ ਅਤੇ ਸੇਵਾ ਧਨ ਦੀ ਭੀ ਹੁੰਦੀ ਹੈ। ਕਿਹੜੀ ਸੇਵਾ ਸਭ ਤੋਂ ਉਤਮ ਹੈ ਤੇ ਕਿਉਂ? ਇਸ ਉਤੇ ਵਿਚਾਰ ਕਰਨੀ ਹੈ।

ਅਜਕਲ ਸਿਖ ਸੰਗਤਾਂ ਦਾ ਜ਼ਿਆਦਾ ਝੁਕਾਅ ਧਨ ਦੀ ਸੇਵਾ ਵਲ ਹੈ। ਬੜੇ ਬੜੇ ਅਮੀਰ ਲੋਕ ਜੋ ਆਪਣੇ ਕਾਰੋਬਾਰ ਤੋਂ ਸਮਾਂ ਨਹੀਂ ਕਢ ਸਕਦੇ, ਉਹ ਆਪਣੇ ਖ਼ਜ਼ਾਨੇ ਵਿਚੋਂ ਗੁਰੂ ਘਰ ਲਈ ਬੇ-ਅੰਤ ਮਾਇਆ ਅਰਦਾਸ ਕਰਾਂਦੇ ਹਨ। ਉਨ੍ਹਾਂ ਦੀ ਅਰਦਾਸ ਕੀਤੀ ਜਾਂਦੀ ਹੈ। ਕੁਝ ਇਸ ਤਰ੍ਹਾਂ ਦੇ ਦਾਨ ਵਿਚ ਮਸ਼ਹੂਰੀ ਭੀ ਹੋ ਜਾਂਦੀ ਹੈ। ਜੇ ਕਾਲਾ ਧਨ ਦਿਤਾ ਜਾਏ ਤਾਂ ਦੂਹਰੇ ਗਫੇ ਪ੍ਰਾਪਤ ਹੁੰਦੇ ਹਨ। ਗੁਰੂ ਮਹਾਰਾਜ ਭੀ ਰਾਜ਼ੀ, ਸਰਕਾਰ ਦੇ ਟੈਕਸਾਂ ਤੋਂ ਭੀ ਬਚਤ ਤੇ ਲੋਕ-ਜਸ ਭੀ ਪ੍ਰਾਪਤ ਹੋ ਜਾਂਦਾ ਹੈ। ਪਰ ਇਸ ਤਰ੍ਹਾਂ ਦੀ ਸੇਵਾ ਵਿਚ ਹਉਮੈ ਦਾ ਕੰਡਾ ਚੁਭੀ ਜਾਂਦਾ ਹੈ। ਰਾਜਾ ਹਰੀ ਚੰਦ ਕਿਡਾ ਵਡਾ ਰਾਜਾ ਸੀ, ਅਤੇ ਉਸ ਨੇ ਧਨ ਦਾਨ ਦੇਣ ਦੀ ਅਤੁਟ ਸੇਵਾ ਕੀਤੀ। ਪਰ ਗੁਰੂ ਆਸ਼ੇ ਅਨੁਸਾਰ ਉਸਦੀ ਸੇਵਾ ਵਿਚ ਇਕ ਬਹੁਤ ਵੱਡਾ ਅਉਗੁਣ ਇਹ ਸੀ ਕਿ ਦਾਨੀ ਹੋਣ ਦਾ ਮਾਣ ਸਦਾ ਨਾਲ ਹੀ ਰਿਹਾ।

ਹਰੀ ਚੰਦ ਦਾਨੁ ਕਰੈ ਜਸੁ ਲੇਵੈ॥
ਬਿਨੁ ਗੁਰ ਅੰਤੁ ਨ ਪਾਇ ਅਭੇਵੈ॥ (੨੨੪)

ਉਸਦਾ ਕੋਈ ਗੁਰ ਪੀਰ ਸਿਰ ਤੇ ਨਹੀਂ ਸੀ, ਜੋ ਉਸਨੂੰ ਇਹ ਮਤਿ ਦਿੰਦਾ ਕਿ—

ਅਉਗਣੁ ਜਾਣੈ ਤ ਪੁੰਨ ਕਰੇ ਕਿਉ,
ਕਿਉ ਨੇਖਾਸਿ ਬਿਕਾਈ॥੨॥ (ਪੰਨਾ ੧੩੪੪)

ਕਿ ਦਾਨ ਕਰਨਾ ਭਾਵੇਂ ਪੁੰਨ ਹੈ, ਸੇਵਾ ਹੈ, ਪਰ ਇਕ ਵਡਾ ਅਉਗੁਣ ਭੀ ਹੈ ਜਿ ਹਉਮੈ ਸਹਿਤ ਹੈ। ਇਸੇ ਲਈ ਉਸਦੀ ਦੁਰਗਤੀ ਹੋਈ, ਤੇ ਬਜ਼ਾਰ ਵਿਚ ਵਿਕਿਆ। ਉਸ ਦੀ ਤਨ ਦੀ ਜਾਂ ਮਨ ਦੀ ਸੇਵਾ ਨਹੀਂ ਸੀ, ਕੇਵਲ ਧਨ ਦੀ ਸੇਵਾ ਸੀ।

ਇਸ ਲਈ ਇਕੱਲੇ ਧਨ ਦੀ ਸੇਵਾ ਕੀਤਿਆਂ ਉਧਾਰ ਨਹੀਂ ਹੋ ਸਕਦਾ। ਇਸ ਸੇਵਾ ਵਿਚ ਬੜੇ ਤਿਖੇ ਕੰਡੇ ਹਨ, ਜੋ ਸਦਾ ਚੁਭਦੇ ਰਹਿੰਦੇ ਹਨ। ਕਈ ਸਜਨ ਗੁਪਤ ਦਾਨ ਰਾਹੀਂ ਸੇਵਾ ਕਰਦੇ ਹਨ, ਉਹ ਫਿਰ ਭੀ (safe) ਨਿਰਮਲ ਸੇਵਾ ਕਰਦੇ ਹਨ ਕਿਉਂਕਿ ਜਸ ਦਾ ਇਕ ਵਡਾ ਕੰਡਾ ਚੁਭਣ ਤੋਂ ਬਚ ਜਾਂਦੇ ਹਨ। ਪਰ ਅੰਤਰ ਆਤਮੇ ਉਹਨਾਂ ਦਾ ਤੇ ਸਤਿਗੁਰ ਸਚੇ ਪਾਤਸ਼ਾਹ ਜੀ ਦਾ ਆਪਣਾ ਨਿਜੀ ਹਿਸਾਬ ਕਿਤਾਬ ਹੈ।

ਇਕ ਸਾਖੀ ਆਉਂਦੀ ਹੈ। ਸ੍ਰੀ ਗੁਰੂ ਅਮਰਦਾਸ ਜੀ ਪਾਸ ਕੋਈ ਲੋੜਵੰਦ ਸਜਨ ਮਾਇਆ ਮੰਗਣ ਗਿਆ। ਆਪ ਨੇ ਉਸਨੂੰ ਆਪਣੇ ਇਕ ਧਨੀ ਸੇਵਕ ਪਾਸ ਭੇਜਿਆ। ਜਦੋਂ ਉਹ ਸਜਨ ਉਸ ਧਨੀ ਪਾਸ ਪੁਜਾ ਤਾਂ ਉਸ ਧਨੀ-ਸੇਵਕ ਨੇ ਕੋਰਾ ਜਵਾਬ ਦੇ ਦਿਤਾ ਕਿ ਮੈਂ ਤਾਂ ਸ੍ਰੀ ਗੁਰੂ ਅਮਰਦਾਸ ਜੀ ਨੂੰ ਜਾਣਦਾ ਤਕ ਨਹੀਂ, ਇਸ ਲਈ ਮੈਂ ਕੋਈ ਰਕਮ ਨਹੀਂ ਦੇ ਸਕਦਾ। ਉਹ ਸਜਨ ਵਾਪਸ ਪਰਤ ਆਇਆ। ਮਹਾਰਾਜ ਨੇ ਉਸਦੀ ਲੋੜ ਤਾਂ ਪੂਰੀ ਕਰਵਾ ਦਿਤੀ, ਪਰ ਉਸ ਧਨੀ ਸੇਵਕ ਦਾ ਨੁਕਸਾਨ ਹੋਣਾ ਸ਼ੁਰੂ ਹੋ ਗਿਆ। ਕੁਝ ਦਿਨਾਂ ਵਿਚ ਹੀ ਉਸਦਾ ਕਾਫ਼ੀ ਨੁਕਸਾਨ ਹੋਇਆ। ਦੁਕਾਨ ਦਾ ਕਾਰੋਬਾਰ ਛਡ ਕੇ ਉਹ ਗੁਰ-ਚਰਨਾਂ ਵਿਚ ਆ ਪੁਜਾ। ਧਨ ਦੀ ਸੇਵਾ ਕਰਨ ਤੋਂ ਜੀਅ ਚੁਰਾਇਆ। ਮਾਇਆ ਨੇ ਭੀ ਸਾਥ ਨਾ ਦਿਤਾ। ਪਰ ਇਥੇ ਪੁਜ ਕੇ ਭੀ ਸ਼ਰਮ ਦੇ ਮਾਰੇ ਗੁਰੂ ਅਮਰਦਾਸ ਜੀ ਨੂੰ ਦਸਿਆ ਤਕ ਨਹੀਂ। ਕਈ ਸਾਲ ਸੇਵਾ ਵਿਚ ਹੀ ਲਾ ਦਿਤੇ। ਮਨ ਨਿਰਮਲ ਹੋ ਗਿਆ। ਸੇਵਕ ਸੁਭਾਅ ਬਣ ਗਿਆ। ਫਿਰ ਗੁਰੂ



www.AKJ.Org

ਮਹਾਰਾਜ ਨੇ ਗਲੇ ਲਗਾਇਆ ਤੇ ਨਦਰੀ ਨਦਰ ਨਿਹਾਲ ਕੀਤਾ।

ਧਨ ਦੀ ਸੇਵਾ ਨੂੰ ਮੁਖ ਰਖ ਕੇ ਅਜ ਸਾਨੂੰ ਪੰਥਕ ਤੌਰ ਤੇ ਕਿਤਨਾ ਭਾਰੀ ਨੁਕਸਾਨ ਹੋ ਰਿਹਾ ਹੈ। ਜਿਹੜੇ ਪ੍ਰੇਮੀ ਤੇ ਸ਼ਰਧਾਲੂ ਸਜਨ ਸਨ, ਉਹਨਾਂ ਨੇ ਧਨ ਦੇ ਕੇ ਗੁਰੂ ਘਰ ਦੀ ਤਨ ਨਾਲ ਸੇਵਾ ਕਰਨੀ ਤਕਰੀਬਨ ਛਡ ਹੀ ਦਿਤੀ ਹੈ। ਜਿਸ ਦਾ ਨਤੀਜਾ ਇਹ ਨਿਕਲਿਆ ਕਿ ਅਜ ਸਾਡੇ ਗੁਰੂਦੁਆਰੇ ਬਹੁਤ ਹੀ ਅਯੋਗ ਹਥਾਂ ਵਿਚ ਚਲੇ ਗਏ। ਅਗੇ ਪੰਥਕ ਸੇਵਾ ਲਈ ਗੁਰਸਿਖਾਂ ਅੰਦਰ ਚਾਉ ਹੁੰਦਾ ਸੀ, ਪਰ ਹੁਣ ਕਾਰੋਬਾਰ ਮੁਖ ਹੈ। ਧਨ ਦੇ ਕੇ ਗੁਰੂ ਪਾਤਸ਼ਾਹ ਨੂੰ ਰੀਝਾਉਣ ਦਾ ਜਤਨ ਕੀਤਾ ਜਾਂਦਾ ਹੈ।

ਧਨ ਦੀ ਸੇਵਾ ਤੋਂ ਬਾਅਦ ਜਨ-ਸਾਧਾਰਨ ਦੇ ਕਰਨ ਯੋਗ ਸਾਂਝੀ ਸੇਵਾ ਤਨ ਦੀ ਸੇਵਾ ਹੈ। ਗੁਰੂ ਅੰਗਦ ਦੇਵ ਜੀ, ਗੁਰੂ ਅਮਰਦਾਸ ਜੀ, ਗੁਰੂ ਰਾਮਦਾਸ ਜੀ ਨੇ ਗੁਰੂ ਘਰ ਵਿਚ ਹਰ ਪ੍ਰਕਾਰ ਦੀ ਸੇਵਾ ਕਰ ਕੇ ਮਨ ਨਿਰਮਲ ਬਣਾਇਆ। ਬਾਬਾ ਸ੍ਰੀ ਚੰਦ ਤੇ ਲਖਮੀ ਦਾਸ ਜੀ, ਗੁਰੂ ਨਾਨਕ ਸਾਹਿਬ ਦੇ, ਅਤੇ ਬਾਬਾ ਦਾਤੂ ਜੀ ਤੇ ਦਾਸੂ ਜੀ ਗੁਰੂ ਅੰਗਦ ਸਾਹਿਬ ਜੀ ਦੇ ਸਾਹਿਬਜ਼ਾਦੇ ਸਨ। ਇਹਨਾਂ ਨੇ ਤਨ ਨਾਲ ਸੇਵਾ ਕਰਨ ਵਿਚ ਆਪਣੀ ਹੇਠੀ ਸਮਝੀ, ਪਰ ਪਿਛੋਂ ਹੀ ਪਤਾ ਲਗਾ ਜਦੋਂ ਪਿਤਾ ਦੀ ਗੱਦੀ ਪੁਤਰਾਂ ਨੂੰ ਨਾ ਮਿਲੀ। ਬਥੇਰਾ ਤਲਮਲਾਏ, ਬਥੇਰੇ ਵਿਰੋਧ ਪ੍ਰਚਾਰ ਭੀ ਕੀਤੇ, ਪਰ ਗੁਰੂ ਘਰ ਵਿਚ ਸੇਵਾਦਾਰ ਦਾ ਦਰਜਾ ਕਾਫ਼ੀ ਉਚਾ ਮੰਨਿਆ ਗਿਆ, ਇਤਨਾ ਉਚਾ ਕਿ ਉਹ ਗੁਰੂ ਦਾ ਅਤਿ ਪਿਆਰਾ ਹੋ ਜਾਂਦਾ ਹੈ। ਭਾਈ ਮੰਝ ਦਾ ਜੀਵਨ ਸਾਡੇ ਸਾਹਮਣੇ ਹੈ। ਗੁਰੂ ਅਰਜਨ ਦੇਵ ਜੀ ਨੇ ਇਹ ਮਹਾਨ ਵਰ, ਸੇਵਾ ਤੋਂ ਤ੍ਰੁਠ ਕੇ ਹੀ ਦਿਤਾ—

ਮੰਝ ਪਿਆਰਾ ਗੁਰੂ ਕਉ, ਗੁਰੂ ਮੰਝ ਪਿਆਰਾ ॥

ਭਾਈ ਕਨ੍ਹਈਆ ਜੀ ਤੇ ਦਇਆਲ ਹੋ ਕੇ ਚੋਜੀ ਪ੍ਰੀਤਮ ਨੇ ਮਲ੍ਹਮ ਭੀ ਦਿਤੀ ਤੇ ਸੇਵਕ ਤੇ ਗੁਰੂ ਕੀਆਂ ਖੁਸ਼ੀਆਂ ਹੋਈਆਂ।

ਸਾਹਿਬਾਂ ਦੀ ਬਾਣੀ ਵਿਚ ਜਿਥੇ ਨਾਮ ਜਪਣ ਲਈ ਬਾਰ ਬਾਰ ਤਾਕੀਦ ਕੀਤੀ ਗਈ ਹੈ, ਉਥੇ ਸੇਵਾ ਬਾਰੇ ਭੀ ਕਾਫ਼ੀ ਜ਼ੋਰਦਾਰ ਸ਼ਬਦਾਂ ਵਿਚ ਪ੍ਰੇਰਿਆ ਗਿਆ ਹੈ। ਜਿਵੇਂ ਬਿਹਾਗੜੇ ਕੀ ਵਾਰ ਵਿਚ ਸ੍ਰੀ ਗੁਰੂ ਰਾਮਦਾਸ ਜੀ ਉਪਦੇਸ਼ ਕਰ ਰਹੇ ਹਨ, ਜਿਨ੍ਹਾਂ ਨੇ ਆਪਣੇ ਤੋਂ ਪਹਿਲਾਂ ਦੋ ਗੁਰੂ ਵਿਅਕਤੀਆਂ ਦੀਆਂ ਪਰਤਖ ਜੀਵਨ-ਘਾਲਾਂ ਨੂੰ ਦੇਖਿਆ ਤੇ ਸੁਣਿਆ ਸੀ—

ਬਿਨੁ ਸਤਿਗੁਰ ਸੇਵੇ ਜੀਅ ਕੇ ਬੰਧਨਾ ਜੇਤੇ ਕਰਮ ਕਮਾਹਿ ॥ ਬਿਨੁ ਸਤਿਗੁਰ ਸੇਵੇ ਠਵਰ ਨ ਪਾਵਹੀ ਮਰਿ ਜੰਮਹਿ ਆਵਹਿ ਜਾਹਿ ॥ ਬਿਨੁ ਸਤਿਗੁਰ ਸੇਵੇ ਫਿਕਾ ਬੋਲਣਾ ਨਾਮੁ ਨ ਵਸੈ ਮਨਿ ਆਇ ॥ ਨਾਨਕ ਬਿਨੁ ਸਤਿਗੁਰ ਸੇਵੇ ਜਮਪੁਰਿ ਬਧੇ ਮਾਰੀਅਹਿ ਮੁਹਿ ਕਾਲੈ ਉਠਿ ਜਾਹਿ ॥੧॥ (ਪੰਨਾ ੫੫੨)

ਇਸੇ ਤਰ੍ਹਾਂ ਤੀਸਰੀ ਪਾਤਸ਼ਾਹੀ ਸ੍ਰੀ ਗੁਰੂ ਅਮਰਦਾਸ ਜੀ ਸੋਰਠ ਵਿੱਚ ਪੰਨਾ ੬੩੮ ਤੇ ਫੁਰਮਾਂਦੇ ਹਨ ਕਿ ਇਹ ਗੁਰੂ ਘਰ ਦੀ ਵਡਿਆਈ ਹੈ ਕਿ ਨਿਗੁਣੇ ਮਨੁਖ ਨੂੰ ਬਖ਼ਸ਼ ਕੇ ਪਹਿਲਾਂ ਆਪਣੀ ਸੇਵਾ ਵਿਚ ਲਗਾਂਦੇ ਹਨ, ਜੋ ਕਿ ਇਕ ਉਤਮ ਚੀਜ਼ ਹੈ। ਇਸ ਸੇਵਾ ਸਦਕਾ ਨਿਗੁਣਿਆਂ ਦੇ ਸਾਰੇ ਅਉਗਣ ਮਿਟ ਜਾਂਦੇ ਹਨ।

ਨਿਗੁਣਿਆ ਨੋ ਆਪੇ ਬਖਸਿ ਲਏ ਭਾਈ ਸਤਿਗੁਰ ਕੀ ਸੇਵਾ ਲਾਇ ॥ ਸਤਿਗੁਰ ਕੀ ਸੇਵਾ ਊਤਮ ਹੈ ਭਾਈ ਰਾਮਨਾਮਿ ਚਿਤੁ ਲਾਇ ॥੧॥

ਅਤੇ ਜੋ ਜਨ ਸੇਵਾ ਵਿਚ ਲਗਦੇ ਹਨ ਉਹ ਵਡੇ ਭਾਗਾਂ ਵਾਲੇ ਹੁੰਦੇ ਹਨ। ਵੇਖਿਆ ਜਾਏ ਤਾਂ ਸ੍ਰੀ ਗੁਰੂ ਅਮਰ ਦਾਸ ਜੀ ਨੇ ੧੨ ਸਾਲ ਤਨ ਤੇ ਮਨ ਨਾਲ ਜੋ ਸੇਵਾ ਕੀਤੀ, ਉਸ ਤਜਰਬੇ ਤੋਂ ਕੁਝ ਇਕ ਸਿੱਟੇ ਸਾਡੇ ਸਾਹਮਣੇ ਬੜੇ ਪਿਆਰ ਭਰੇ ਸ਼ਬਦਾਂ ਵਿਚ ਰਖ ਰਹੇ ਹਨ। ਵਡਹੰਸ ਰਾਗ ਵਿਚ ਪੰਨਾ ੫੭੧ ਤੇ ਆਪ ਜੀ ਫੁਰਮਾਂਦੇ ਹਨ :—

ਏਹੁ ਜਗੁ ਜਲਤਾ ਦੇਖਿ ਕੈ ਭਜਿ ਪਏ ਹਰਿ ਸਰਣਾਈ ਰਾਮ ॥ ਅਰਦਾਸ ਕਰੀਂ ਗੁਰ ਪੂਰੇ ਆਗੈ ਰਖਿ ਲੇਵਹੁ ਦੇਹੁ ਵਡਾਈ ਰਾਮ ॥



www.AKJ.Org

ਰਖਿ ਲੇਵਹੁ ਸਰਣਾਈ ਹਰਿ ਨਾਮ ਵਡਾਈ
ਤੁਧੁ ਜੇਵਡ ਅਵਰੁ ਨ ਦਾਤਾ ॥ ਸੇਵਾ ਲਾਗੇ
ਸੇ ਵਡਭਾਗੇ ਜੁਗਿ ਜੁਗਿ ਏਕੋ ਜਾਤਾ ॥

ਮਾਰੂ ਮਹਲਾ ੩ ਪੰਨਾ ੧੦੬੪ ਤੇ ਭੀ ਆਪ ਇਹੋ ਪ੍ਰੇਰਨਾ ਦਿੰਦੇ ਹਨ ਕਿ ਮਨਮੁਖ ਕਿਵੇਂ ਚਤੁ-ਰਾਈਆਂ ਕਰ ਕੇ ਧੱਕੇ ਖਾਂਦਾ ਹੈ ਤੇ ਸਤਿਗੁਰੂ ਜੀ ਦੀ ਸੇਵਾ ਤਾਂ ਧੁਰ ਤੋਂ ਲਿਖੇ ਸੰਜੋਗਾਂ ਨਾਲ ਹੀ ਹੁੰਦੀ ਹੈ। ਸੇਵਾ ਤੋਂ ਹੀ ਸੇਵਕ ਸਭ ਕੁਛ ਪਾ ਲੈਂਦਾ ਹੈ। ਮਨਮੁਖ ਆਪਣੀ ਚਤਰਾਈ ਕਾਰਨ ਹੀ ਸੇਵਾ ਤੋਂ ਵਾਂਝਿਆ ਰਹਿ ਜਾਂਦਾ ਹੈ :—

ਮਨਮੁਖੁ ਅੰਧੁ ਕਰੇ ਚਤੁਰਾਈ ॥
ਭਾਣਾ ਨ ਮੰਨੇ ਬਹੁਤੁ ਦੁਖ ਪਾਈ ॥
ਭਰਮੇ ਭੂਲਾ ਆਵੈ ਜਾਏ, ਘਰੁ ਮਹਲੁ ਨ
ਕਬਹੂ ਪਾਇਦਾ ॥੫॥ ਸਤਿਗੁਰੁ ਮੇਲੇ ਦੇ
ਵਡਿਆਈ ॥ ਸਤਿਗੁਰ ਕੀ ਸੇਵਾ ਧੁਰਿ
ਫੁਰਮਾਈ ॥ ਸਤਿਗੁਰ ਸੇਵੇ ਤਾ ਨਾਮੁ ਪਾਏ,
ਨਾਮੇ ਹੀ ਸੁਖ ਪਾਇਦਾ ॥੬॥ (ਪੰਨਾ ੧੦੬੪)

ਜੇ ਸੇਵਾ ਦੀ ਟ੍ਰੇਨਿੰਗ ਤੇ ਸਿਖਿਆ ਲੈਣੀ ਹੋਵੇ ਤਾਂ ਆਉ ਸ੍ਰੀ ਗੁਰੂ ਅਮਰਦਾਸ ਜੀ ਦੀ ਸੇਵਾ ਪਰਥਾਏ ਬਾਣੀ ਵਿਚਾਰੀਏ। ਕਿਤਨੀ ਕਰੜੀ ਸੇਵਾ ਦੇ ਪੂਰਨੇ ਪਾਏ ਗੁਰਦੇਵ ਜੀ ਨੇ। ਹਜ਼ੂਰ ਕਹਿੰਦੇ ਹਨ :—

ਸਤਿਗੁਰ ਕੀ ਸੇਵਾ ਚਾਕਰੀ ਸੁਖੀ ਹੂੰ ਸੁਖੁ
ਸਾਰੁ ॥ ਐਥੈ ਮਿਲਨਿ ਵਡਿਆਈਆ
ਦਰਗਹ ਮੋਖ ਦੁਆਰੁ ॥ ਸਚੀ ਕਾਰ
ਕਮਾਵਣੀ ਸਚੁ ਪੈਨਣੁ ਸਚੁ ਨਾਮੁ ਅਧਾਰੁ ॥
ਸਚੀ ਸੰਗਤਿ ਸਚਿ ਮਿਲੈ ਸਚੈ ਨਾਇ
ਪਿਆਰੁ ॥ ਸਚੈ ਸਬਦਿ ਹਰਖੁ ਸਦਾ ਦਰਿ
ਸਚੈ ਸਚਿਆਰੁ ॥ ਨਾਨਕ ਸਤਿਗੁਰ ਕੀ ਸੇਵਾ
ਸੋ ਕਰੇ ਜਿਸ ਨੋ ਨਦਰਿ ਕਰੈ ਕਰਤਾਰੁ ॥੧॥
[ਸਲੋਕ ਮ: ੩, ਪੰਨਾ ੫੮੬

ਸਤਿਗੁਰ ਜੀ ਦੀ ਸੇਵਾ ਸਾਰੇ ਸੁਖਾਂ ਦਾ ਮਹਾਨ ਸੁਖ ਹੈ। ਇਸ ਸੰਸਾਰ ਵਿਚ ਵਡਿਆਈ ਮਿਲਦੀ ਹੈ ਤੇ ਦਰਗਹ ਵਿਚ ਮੁਖ ਉਜਲਾ ਹੁੰਦਾ ਹੈ।

ਪਰ ਕਈ ਵਾਰੀ ਸਵਾਲ ਉਠਦਾ ਹੈ ਕਿ ਤਨ ਨਾਲ ਕੀਤੀ ਕਿਹੜੀ ਸੇਵਾ ਉਤਮ ਹੈ ? ਭਾਂਡਿਆਂ ਦੀ ? ਜਲ-ਦੀ ? ਦਰੀਆਂ ਝਾੜਨ ਦੀ ? ਕਿ ਲੰਗਰ ਦੀ ? ਉਤਰ ਹੈ ਸਾਰੀਆਂ ਸੇਵਾਂ ਸਫਲ ਹਨ, ਜੇ ਕੋਈ ਚਿਤ ਲਾ ਕੇ ਕਰੇ। ਕੋਈ ਉਤਮ ਨਹੀਂ, ਕੋਈ ਘਟੀਆ ਨਹੀਂ। ਸਭ ਸੇਵਾਵਾਂ ਸੇਵਾ ਹਨ। ਸਾਰੀਆਂ ਹੀ ਉਤਮ ਹਨ। ਗੁਰੂ ਦੀ ਸੇਵਾ ਸਦਾ ਉਤਮ ਸੇਵਾ ਹੈ, ਜੋ ਵਡੇ ਭਾਗਾਂ ਕਰਕੇ ਮਿਲਦੀ ਹੈ। ਇਸ ਰਾਹੀਂ ਹਉਮੈ ਦਾ ਨਾਸ ਹੁੰਦਾ ਹੈ—

ਸਤਿਗੁਰ ਕੀ ਸੇਵਾ ਸਫਲੁ ਹੈ ਜੇ ਕੋ ਕਰੇ
ਚਿਤੁ ਲਾਇ ॥ ਮਨ ਚਿੰਦਿਆ ਫਲੁ ਪਾਵਣਾ
ਹਉਮੈ ਵਿਚਹੁ ਜਾਇ ॥ (ਸਲੋਕ ਮ: ੩, ੬੪੪)

ਧਨ ਦੀ ਸੇਵਾ ਤਾਂ ਹੋਈ, ਤਨ ਦੀ ਸੇਵਾ ਭੀ ਸਮਝ ਆ ਗਈ, ਪਰ ਮਨ ਦੀ ਸੇਵਾ ਕਿਵੇਂ ਹੁੰਦੀ ਹੈ ? ਮਨ ਦੀ ਸੇਵਾ ਬੜੀ ਔਖੀ ਹੈ। ਤਨ ਭੀ ਦਿਸਦਾ, ਤੇ ਧਨ ਭੀ ਸਥੂਲ ਰੂਪ ਹੋਣ ਕਰਕੇ ਦਿਸਦਾ ਹੈ, ਪਰ ਮਨ ਦਾ ਰੂਪ ਸੂਖਮ ਹੈ, ਦਿਸਦਾ ਹੀ ਨਹੀਂ। ਇਸ ਲਈ ਮਨ ਦੀ ਸੇਵਾ ਭੀ ਸੂਖਮ ਹੀ ਹੁੰਦੀ ਹੈ। ਦਿਸਦੀ ਨਹੀਂ ਹੁੰਦੀ। ਪਰ ਹੈ ਸਹੀ।

ਸੇਵਾ ਦੀ ਸਾਰੀ ਖੇਡ ਵਿਚ ਮਨ ਦਾ ਅਸਥਾਨ ਸ਼੍ਰੋਮਣੀ ਹੈ। ਧਨ ਦੇ ਕੇ ਭੀ ਮਨ ਵਸ ਨਹੀਂ ਆਉਂਦਾ। ਹਉਮੈ ਦੇ ਘੋੜੇ ਤੇ ਸਵਾਰ ਹੋ ਕੇ ਮਨ ਸਤ ਸਮੁੰਦਰੋਂ ਪਾਰ ਤਕ ਦੀ ਸੈਰ ਹਵਾ ਵਿਚ ਉਡ ਕੇ ਕਰ ਆਉਂਦਾ ਹੈ। ਪਰ ਉਡਾਨ ਹਵਾਈ ਹੁੰਦੀ ਹੈ, ਮਨੁਖ ਦੇ ਪੈਰ ਧਰਤੀ ਵਿਚ ਹੀ ਗਡੇ ਰਹਿੰਦੇ ਹਨ। ਤਨ ਦੀ ਸੇਵਾ ਨਾਲ ਤਨ ਥਕ ਜਾਂਦਾ ਹੈ, ਬਿਰਧ ਹੋ ਜਾਂਦਾ ਹੈ, ਪਰ ਅਮੋੜ ਮਨ ਅਜੇ ਭੀ ਵਿਸ਼ੇ-ਵਿਕਾਰਾਂ ਤੋਂ ਨਹੀਂ ਮੁੜਦਾ। ਮਨੁਖ ਮਨ ਕਰਕੇ ਗੁਰੂ ਦਾ ਨਹੀਂ ਬਣਦਾ, ਉਸਦੇ ਹੁਕਮ ਅੰਦਰ ਨਹੀਂ ਆਉਂਦਾ, ਮਨ ਵਿਚ ਇਹੋ ਸੰਕਲਪ ਟਿਕਿਆ ਰਹਿੰਦਾ ਹੈ "ਮੇਰੇ ਜਿਨਾ ਕੀਰਤਨ ਕਿਸ ਨੇ ਕਰਨਾ ਹੈ ?" "ਜੇ ਅਸੀਂ ਨਾ ਹੁੰਦੇ ਤਾਂ ਗੁਰੂ ਘਰ ਦੀ ਸ਼ੋਭਾ ਕਿੰਨੇ ਵਧਾਉਣੀ ਸੀ ?" (ਸਤਾ ਤੇ ਬਲਵੰਡ)। "ਮੇਰੇ ਵਰਗੀ ਕੁਰਬਾਨੀ ਕੌਣ ਕਰ ਸਕਦਾ ਹੈ ?" (ਭਾਈ ਜੋਗਾ ਸਿੰਘ)। ਤਨ ਤਾਂ ਵਿਚਾਰਾ ਮਨ ਦਾ ਚਲਾਇਆ ਹੀ ਚਲਦਾ ਹੈ। ਇਸ ਲਈ ਮਨ ਨੂੰ ਹੀ ਫੜਨਾ ਉਚਿਤ ਹੈ। ਸਾਰੀ ਸੇਵਾ ਦੀ ਖੇਡ ਵਿਚ ਮਨ ਤੇ ਹੀ ਆ ਕੇ ਗੱਲ ਮੁਕਦੀ ਹੈ। ਇਸੇ

[ ਬਾਕੀ ਦੇਖੋ ਸਫ਼ਾ ੪ ਤੇ ]



www.AKJ.Org

# ਕਾਵਿ ਅਨੁਵਾਦ—ਜਾਪੁ ਸਾਹਿਬ

[ਵਲੋਂ:—ਜੇ : ਪੀ : ਸੰਗਤ ਸਿੰਘ ਜੀ, 75/3, ਬੰਬਈ–82]

ੴ ਸਤਿਗੁਰਪ੍ਰਸਾਦਿ ॥

## ੧. ਅਕਥ ਪ੍ਰਭੂ

**ਮੂਲ ਪਾਠ :—ਸ੍ਰੀ ਮੁਖਵਾਕ ਪਾਤਿਸ਼ਾਹੀ ੧੦ ॥ ਛਪੈ ਛੰਦ ॥ ਤ੍ਵ ਪ੍ਰਸਾਦਿ ॥**

**ਚਕ੍ਰ ਚਿਹਨ ਅਰੁ ਬਰਨ, ਜਾਤਿ ਅਰੁ ਪਾਤਿ ਨਹਿਨ ਜਿਹ ॥**
**ਰੂਪ ਰੰਗ ਅਰੁ ਰੇਖ, ਭੇਖ ਕੋਊ ਕਹਿ ਨ ਸਕਤ ਕਿਹ ॥**
**ਅਚਲ ਮੂਰਤਿ ਅਨਭਉ ਪ੍ਰਕਾਸੁ, ਅਮਿਤੋਜੁ ਕਹਿਜੈ ॥**
**ਕੋਟਿ ਇੰਦ੍ਰ, ਇੰਦ੍ਰਾਣ, ਸ਼ਾਹੁ ਸ਼ਾਹਾਣਿ ਗਣਿਜੈ ॥**
**ਤ੍ਰਿਭਵਣ ਮਹੀਪੁ, ਸੁਰ ਨਰ ਅਸੁਰ, ਨੇਤਿ ਨੇਤਿ ਬਨ ਤ੍ਰਿਣ ਕਹਤ ॥**
**ਤਵ ਸਰਬ ਨਾਮ ਕਥੈ ਕਵਨ, ਕਰਮ ਨਾਮ ਬਰਨਤ ਸੁਮਤਿ ॥੧॥**

**ਸ਼ਬਦਾਰਥ :**—ਚਕ੍ਰ = ਹਥਾਂ ਦੀਆਂ ਤਲੀਆਂ ਉਤੇ ਉਂਗਲਾਂ ਦੇ ਪੋਟਿਆਂ ਦੇ ਅੰਤ ਉਤੇ ਅਤੇ ਉਂਗਲਾਂ ਦੇ ਮੁਢ ਉਤੇ ਅਥਵਾ ਪੈਰਾਂ ਦੀਆਂ ਤਲੀਆਂ ਉਪਰ ਗੋਲ ਗੋਲ ਲਕੀਰਾਂ ਜਾਂ ਰੇਖਾਵਾਂ। ਚਿਹਨ = ਚਿੰਨ੍ਹ, ਨਿਸ਼ਾਨ। ਬਰਨ = ਵਰਨ, ਰੰਗ। ਪਾਤਿ = ਕੁਲ, ਖ਼ਾਨਦਾਨ। ਨਹਿਨ = ਨਹੀਂ। ਜਿਹ = ਜਿਸਦਾ।

ਰੇਖ = ਹਥਾਂ ਪੈਰਾਂ ਅਤੇ ਮਥੇ ਉਪਰਲੀਆਂ ਲਕੀਰਾਂ। ਭੇਖ = ਭੇਸ, ਪਹਿਰਾਵਾ, ਲਿਬਾਸ। ਕੋਊ = ਕੋਈ। ਕਹਿ ਨ ਸਕਤ = ਆਖ ਨਹੀਂ ਸਕਦਾ, ਦਸ ਨਹੀਂ ਸਕਦਾ। ਕਿਹ = ਕਿਹੜਾ ?

**ਕਾਵਿ ਭਾਵਾਰਥ :—**

ਉਹ ਬ੍ਰਹਿਮੰਡ-ਕਰਤਾ, ਸਿਰਜਨਹਾਰ, ਜਿਸਦਾ, ਚਕਰ ਚਿਹਨ ਕੋਈ ਵਰਨ ਜਾਤ ਨਾਹੀ।
ਦਸ ਨ ਸਕੇ ਕੋਈ, ਰੂਪ ਰੰਗ ਜਿਸਦਾ, ਰੇਖ ਭੇਖ ਨਾਹੀ ਜਾਤ ਪਾਤ ਨਾਹੀ।

**ਸ਼ਬਦਾਰਥ :**—ਅਚਲ = ਨ ਹਿਲਣ ਵਾਲਾ, ਸਥਿਰ, ਅਟੱਲ। ਮੂਰਤਿ = ਸਰੂਪ, ਹਸਤੀ। ਅਨਭਉ = ਆਪਣੇ ਆਪ ਤੋਂ ਹੋਇਆ ਗਿਆਨ। ਪ੍ਰਕਾਸ਼ = ਗਿਆਨ। ਅਮਿਤੋਜ = ਅਮਿਤ + ਓਜ = ਨਾ ਮਿਣਿਆ ਜਾ ਸਕਣ ਵਾਲਾ ਬਲ। ਕਹਿਜੈ = ਕਹੀਦਾ ਹੈ।

ਕੋਟਿ = ਕਰੋੜਾਂ। ਇੰਦ੍ਰਾਣ ਇੰਦ੍ਰ = ਇੰਦਰਾਂ ਦਾ ਇੰਦਰ। ਸ਼ਾਹੁ ਸ਼ਾਹਾਣ = ਸ਼ਾਹਾਂ ਦਾ ਸ਼ਹਿਨਸ਼ਾਹ। ਗਣਿਜੈ = ਗਿਣਿਆ ਜਾਂਦਾ ਹੈ, ਮੰਨਿਆ ਜਾਂਦਾ ਹੈ।

**ਕਾਵਿ ਭਾਵਾਰਥ :—**

ਹਸਤੀ ਜੀਹਦੀ ਹਰਦਮ ਕਾਇਮ ਦਾਇਮ ਅਸਥਿਰ, ਆਪਣੇ ਆਪ ਤੋਂ ਪ੍ਰਕਾਸ਼ਮਾਨ ਦਾਤਾ।
ਉਸਦਾ ਬਲ ਬੇਥਾਹ, ਅਥਾਹ ਦਸਦੇ, ਹੈ ਸਰਬਗ ਸਰਬ ਸ਼ਕਤੀਮਾਨ ਦਾਤਾ।
ਇਤਨਾ ਤੇਜ ਪ੍ਰਤਾਪ ਮਹਾਨ ਉਸਦਾ, ਕਿ ਕਰੋੜਾਂ ਹੀ ਇੰਦ੍ਰਾਂ ਦਾ ਇੰਦਰ ਹੈ ਉਹ।
ਗਿਣਿਆ ਜਾਂਦਾ ਹੈ ਸ਼ਹਿਨਸ਼ਾਹ, ਸ਼ਾਹਾਂ ਅੰਦਰ, ਤੇ ਵਡ ਤੇਜ, ਮਹਾਨ ਨਗਿੰਦ੍ਰ ਹੈ ਉਹ।

**ਸ਼ਬਦਾਰਥ :**—ਤ੍ਰਿਭਵਣ = ਤਿੰਨੇ ਲੋਕ—ਮਾਤ ਲੋਕ, ਪਾਤਾਲ ਤੇ ਆਕਾਸ਼। ਮਹੀਪ = ਮਹੀ + ਪ = ਧਰਤੀ ਦਾ ਰਾਖਾ, ਰਾਜਾ। ਸੁਰ = ਦੇਵਤੇ। ਅਸੁਰ = ਦੈਂਤ। ਨਰ = ਮਨੁਖ। ਨੇਤਿ = ਨ + ਇਤਿ = ਅਜਿਹਾ ਹੋਰ ਕੋਈ ਨਹੀਂ। ਬਨ = ਜੰਗਲ। ਤ੍ਰਿਣ = ਘਾਹ ਬੂਟੇ। ਬਨ ਤ੍ਰਿਣ = ਸਾਰੀ ਬਨਾਸਪਤੀ। ਕਹਿਤ = ਕਹਿੰਦੀ ਹੈ।



www.AKJ.Org

ਤਵ = ਤੇਰੇ । ਸਰਬ ਨਾਮ = ਸਾਰੇ ਨਾਉਂ । ਕਥੈ ਕਵਨ = ਕਉਣ ਗਿਣ ਸਕਦਾ ਹੈ ? ਕਰਮ ਨਾਮ = ਕਰਮਾਂ ਅਨੁਸਾਰ ਪੈ ਗਿਆ ਨਾਉਂ, ਸਿਫ਼ਾਤੀ ਨਾਉਂ । ਬਰਨਤ = ਵਰਨਨ ਕਰਦੇ ਹਨ । ਸੁਮਤਿ = ਆਪਣੀ ਆਪਣੀ ਬੁਧੀ ਅਨੁਸਾਰ ।

**ਕਾਵਿ ਭਾਵਾਰਥ :—**

ਤਿੰਨਾਂ ਲੋਕਾਂ ਦਾ ਪਾਲਕ ਦਾਤਾਰ ਮੇਰਾ, ਦੈਂਤ ਦੇਵਤੇ ਸਭ ਉਹਨੂੰ ਗਾ ਰਹੇ ਨੇ।
ਤੀਲਾ ਤੀਲਾ, ਵਣ ਤ੍ਰਿਣ, ਜ਼ਰਾ ਜ਼ਰਾ ਹਰਦਮ, ਐਸਾ ਨਹੀਂ ਕੋਈ ਹੋਰ ਧਿਆ ਰਹੇ ਨੇ।
ਸਾਰੇ ਤੇਰੇ ਹੀ ਨਾਉਂ ਨੇ ਪ੍ਰਭੂ ਮੇਰੇ ! ਰਚਨਾ ਜਿਤਨੀ ਸਭ ਤੂੰ ਜੋ ਬਣਾਈ ਪ੍ਰੀਤਮ !
ਤੇਰੇ ਕਥਨ ਅਕਥ, ਕਥ ਸਕੇ ਕਿਹੜਾ ? ਕਿਸਦੇ ਵਿਚ ਹੈ ਇਤਨੀ ਰਸਾਈ ਪ੍ਰੀਤਮ !
ਜੀਵਾਂ ਤਾਈਂ, ਜੈਸੀ ਜੈਸੀ, ਜਿਹੋ ਜਿਹੀ, ਕੀਤੀ ਹੈ ਤੂੰ ਸੁਮਤ ਪ੍ਰਦਾਨ ਦਾਤਾ !
ਉਸੇ ਉਸੇ ਅਨੁਸਾਰ ਲੁਕਾਈ ਸਾਰੀ, ਕਹੀ ਜਾਏ ਜਸ ਤੇਰਾ ਬਖਾਨ ਦਾਤਾ !

## ੨. ਰੂਪ, ਰੰਗ, ਰੇਖ, ਭੇਖ ਰਹਿਤ ਪ੍ਰਭੂ

**ਮੂਲ ਪਾਠ :—ਭੁਜੰਗ ਪ੍ਰਯਾਤ ਛੰਦ ॥**

**ਨਮਸਤ੍ਵੰ ਅਕਾਲੇ ॥ ਨਮਸਤ੍ਵੰ ਕ੍ਰਿਪਾਲੇ ॥ ਨਮਸਤੰ ਅਰੂਪੇ ॥ ਨਮਸਤ੍ਵੰ ਅਨੂਪੇ ॥੨॥**

**ਸ਼ਬਦਾਰਥ** :—ਨਮਸਤ੍ਵੰ = ਨਮਸ + ਤ੍ਵੰ ॥ ਨਮਸ = ਨਮਸਕਾਰ । ਤ੍ਵੰ = ਤੈਨੂੰ । ਅਕਾਲ = ਕਾਲ ਰਹਿਤ, ਮੌਤ ਤੋਂ ਮੁਕਤ । ਕ੍ਰਿਪਾਲੇ = ਕ੍ਰਿਪਾ + ਆਲਯ = ਦਇਆ ਦਾ ਘਰ । ਅਰੂਪ = ਅ + ਰੂਪ = ਰੂਪ (ਸ਼ਕਲ) ਰਹਿਤ । ਅਨੂਪ = ਅਨ + ਊਪ । ਊਪ = ਉਪਮਾ । ਅਨੂਪ = ਉਪਮਾ ਰਹਿਤ, ਜਿਸ ਦੇ ਬਰਾਬਰ ਦਾ ਹੋਰ ਕੋਈ ਨਾ ਹੋਵੇ ।

**ਕਾਵਿ ਭਾਵਾਰਥ :—**

ਸਿਰਜਣਹਾਰ ਅਮਰ, ਅਬਿਨਾਸ਼ੀ ਹੈ ਜੋ, ਉਸ ਦਾਤਾਰ ਤਾਈਂ ਨਮਸਕਾਰ ਮੇਰੀ।
ਕਰੁਣਾਨਿਧਿ. ਘਰ ਮਿਹਰ ਦਿਆਲਤਾ ਦਾ, ਕ੍ਰਿਪਾ-ਧਾਰ ਤਾਈਂ ਨਮਸਕਾਰ ਮੇਰੀ।
ਹੈ ਡੰਡੌਤ ਮੇਰੀ ਓਸ ਪ੍ਰਭੂ ਤਾਈਂ, ਨਹੀਂ ਕੋਈ ਰੂਪ ਜਿਸਦਾ, ਹੈ ਅਰੂਪ ਦਾਤਾ।
ਹੈ ਡੰਡੌਤ ਮੇਰੀ ਓਸ ਪ੍ਰਭੂ ਨੂੰ ਜੋ, ਉਪਮਾ ਰਹਿਤ, ਲਾਸਾਨੀ, ਅਨੂਪ ਦਾਤਾ।

**ਮੂਲ ਪਾਠ :—ਨਮਸਤੰ ਅਭੇਖੇ ॥ ਨਮਸਤੰ ਅਲੇਖੇ ॥ ਨਮਸਤੰ ਅਕਾਏ ॥ ਨਮਸਤੰ ਅਜਾਏ ॥੩॥**

**ਸ਼ਬਦਾਰਥ** :—ਅਭੇਖੇ = ਅ = ਭੇਖ, ਪਹਿਰਾਵੇ ਤੋਂ ਰਹਿਤ, ਜਿਸ ਦਾ ਕੋਈ ਇਕ ਭੇਸ ਜਾਂ ਪਹਿਰਾਵਾ ਨਾ ਹੋਵੇ । ਅਲੇਖ = ਅ + ਲੇਖ, ਜਿਸ ਦਾ ਕੋਈ ਚਿਤਰ ਨਾ ਬਣਾਇਆ ਜਾ ਸਕੇ, ਚਿਤਰ ਤੋਂ ਭਾਵ ਤਸਵੀਰ ਜਾਂ ਮੂਰਤ । ਅਕਾਏ = ਅ + ਕਾਏ । ਕਾਏ = ਕਾਇਆ, ਸਰੀਰ । ਅਕਾਏ = ਸਰੀਰ ਰਹਿਤ । ਅਜਾਏ = ਅ + ਜਾਏ । ਜਾਏ = ਜੰਮਣਾ । ਅਜਾਏ = ਜਿਸ ਦਾ ਜਨਮ ਨਾ ਹੋਇਆ ਹੋਵੇ ।

**ਕਾਵਿ ਭਾਵਾਰਥ :—**

ਨਮਸਕਾਰ ਕਰਨਾਂ ਵਾਰ ਵਾਰ ਉਸਨੂੰ, ਜਿਸ ਦਾਤਾਰ ਦਾ ਕੋਈ ਵੀ ਭੇਖ ਨਹੀਂ ਹੈ।
ਐਸੇ ਪ੍ਰਭੂ ਨੂੰ ਕਰਾਂ ਡੰਡੌਤ ਬੰਦਨਾ, ਜਿਸ ਦਾ ਅੰਤ ਸ਼ੁਮਾਰ ਕੋਈ ਲੇਖ ਨਹੀਂ ਹੈ।
ਜੋ ਸਰੀਰ ਤੋਂ ਰਹਿਤ ਦਾਤਾਰ ਮੇਰਾ, ਓਸ ਪ੍ਰਭੂ ਨੂੰ ਕਰਾਂ ਡੰਡੌਤ ਹਰ ਦੰਮ।
ਜਨਮ ਰਹਿਤ, ਜਿਸਦਾ ਨਹੀਂ ਹੈ ਜਨਮ ਹੁੰਦਾ, ਓਸ ਪ੍ਰਭੂ ਨੂੰ ਕਰਾਂ ਡੰਡੌਤ ਹਰ ਦੰਮ।



www.AKJ.Org

ਮੂਲ ਪਾਠ :—ਨਮਸਤੰ ਅਗੰਜੇ ॥ ਨਮਸਤੰ ਅਭੰਜੇ ॥ ਨਮਸਤੰ ਅਨਾਮੇ ॥ ਨਮਸਤੰ ਅਠਾਮੇ ॥੪॥

**ਸ਼ਬਦਾਰਥ** :—ਅਗੰਜ = ਅਜਿਤ (ਗੰਜਨ = ਜਿਤਣਾ)। ਅਭੰਜ = ਅ + ਭੰਜ । ਭੰਜ = ਤੋੜਨਾ। ਅਭੰਜ = ਨ ਤੋੜਿਆ ਜਾ ਸਕਣ ਵਾਲਾ, ਨਾਸ ਨਾ ਹੋਣ ਵਾਲਾ। ਅਨਾਮ = ਅ + ਨਾਮ, ਨਾਉਂ ਰਹਿਤ, ਜਿਸ ਦਾ ਕੋਈ ਖ਼ਾਸ ਨਾਉਂ ਨਾ ਹੋਵੇ। ਅਠਾਮ = ਅ + ਠਾਮ। ਠਾਮ = ਥਾਂ, ਠਿਕਾਣਾ। ਅਠਾਮੇ = ਜਿਸ ਦਾ ਕੋਈ ਵਿਸ਼ੇਸ਼ ਥਾਂ ਠਿਕਾਣਾ (ਘਰ ਘਾਟ) ਨਹੀਂ ਹੈ।

**ਕਾਵਿ ਭਾਵਾਰਥ** :—

ਹੇ ਅਗੰਜ ! ਜਿਤਿਆ ਨਾਹੀ ਜਾ ਸਕੇਂ ਤੂੰ, ਤੈਨੂੰ ਸਦਾ ਹੈ ਮੇਰਾ ਆਦੇਸ ਪ੍ਰੀਤਮ !
ਹੇ ਅਭੰਜ ! ਤੂੰ ਤੋੜਿਆ ਜਾ ਸਕੇਂ ਨਾਹ, ਤੈਨੂੰ ਸਦਾ ਹੈ ਮੇਰਾ ਅਦੇਸ ਪ੍ਰੀਤਮ !
ਤੈਨੂੰ ਪ੍ਰੀਤਮ ਕਹਾਂ ਡੰਡੋਤ ਬੰਦਨਾ, ਹੇ ਅਨਾਮ ! ਨਹੀਂ ਤੇਰਾ ਕੋਈ ਨਾਮ ਦਾਤਾ !
ਬਾਰੰ ਬਾਰ ਤੈਨੂੰ ਕਰਾਂ ਨਮੋ, ਤੇਰਾ ਕੋਈ ਥਾਂ ਵਿਸ਼ੇਸ਼ ਨ ਧਾਮ ਦਾਤਾ !

ਮੂਲ ਪਾਠ :—ਨਮਸਤੰ ਅਕਰਮੰ ॥ ਨਮਸਤੰ ਅਧਰਮੰ ॥ ਨਮਸਤੰ ਅਨਾਮੰ ॥ ਨਮਸਤ ਅਧਾਮੰ ॥੫॥

**ਸ਼ਬਦਾਰਥ** :—ਅਕਰਮੰ = ਅ + ਕਰਮ, ਕੰਮ ਰਹਿਤ, ਜਿਹੜਾ ਕੰਮਾਂ ਵਿਚ ਖਚਤ ਨਹੀਂ ਹੈ। ਅਧਰਮੰ = ਧਾਰਮਿਕ ਰਸਮਾਂ ਰਿਵਾਜਾਂ ਤੋਂ ਬੇਨਿਆਜ਼, ਅਥਵਾ ਮੁਕਤ । ਅਨਾਮੰ = ਨਾਮ ਰਹਿਤ। ਅਧਾਮੰ = ਜਿਸਦਾ ਕੋਈ ਧਾਮ ਅਥਵਾ ਘਰ ਅਸਥਾਨ ਨਹੀਂ ਹੈ।

**ਕਾਵਿ ਭਾਵਾਰਥ** :—

ਕਿਸੇ ਕਰਮ ਦੀ ਨਹੀਂ ਕੋਈ ਲੋੜ ਤੈਨੂੰ, ਤੈਨੂੰ ਕਰਾਂ ਮੈਂ ਸਦਾ ਸਲਾਮ ਬੰਦਨਾ।
ਕਿਸੇ ਧਾਰਮਿਕ ਰਸਮ ਦਾ ਬਧਾ ਨਹੀਂ ਤੂੰ, ਤੈਨੂੰ ਕਰਾਂ ਮੈਂ ਦਾਤਾ ਸਲਾਮ ਬੰਦਨਾ।
ਦਾਤਾ ਕਰਾਂ ਤੈਨੂੰ ਨਮਸਕਾਰ ਹਰ ਦੰਮ, ਹੇ ਅਨਾਮ ! ਨਹੀਂ ਤੇਰਾ ਕੋਈ ਨਾਮ ਪ੍ਰੀਤਮ !
ਬਾਰੰ ਬਾਰ ਤੈਨੂੰ ਨਮਸਕਾਰ ਮੇਰਾ, ਕੋਈ ਵਿਸ਼ੇਸ਼ ਤੇਰਾ ਨਹੀਂ ਘਰ ਧਾਮ ਪ੍ਰੀਤਮ !

ਮੂਲ ਪਾਠ :—ਨਮਸਤੰ ਅਜੀਤੇ ॥ ਨਮਸਤੰ ਅਭੀਤੇ ॥ ਨਮਸਤੰ ਅਬਾਹੇ ॥ ਨਮਸਤੰ ਅਢਾਹੇ ॥੬॥

**ਸ਼ਬਦਾਰਥ** :—ਅਜੀਤ = ਨਾ ਜਿਤਿਆ ਜਾ ਸਕਣ ਵਾਲਾ । ਅਭੀਤ = (ਭੀਤ = ਡਰਨਾ) ਜੋ ਡਰਾਇਆ ਨ ਜਾ ਸਕੇ। ਅਬਾਹ = ਜੋ ਹਿਲਾਇਆ ਨਾ ਜਾ ਸਕੇ। ਅਢਾਹ = ਜਿਸ ਨੂੰ ਢਾਹਿਆ ਨ ਜਾ ਸਕੇ।

**ਕਾਵਿ ਭਾਵਾਰਥ** :—

ਵਿਚ ਬ੍ਰਹਿਮੰਡ ਸਾਰੇ, ਨਹੀਂ ਕੋਈ ਹੋਰ ਸ਼ਕਤੀ, ਹੇ ਅਜੀਤ ! ਤੈਨੂੰ ਸਕੇ ਜੀਤ ਜਿਹੜੀ।
ਸ਼ਕਤੀ ਅਜੇ ਤੀਕਰ ਨਹੀਂ ਕੋਈ ਹੋਈ ਪੈਦਾ, ਦਾਤਾ ਕਰ ਸਕੇ ਤੈਨੂੰ ਭੈ ਭੀਤ ਜਿਹੜੀ।
ਮੇਰੇ ਪ੍ਰੀਤਮਾ ! ਐਸਾ ਅਹਿਲ ਹੈਂ ਤੂੰ, †ਸ਼ਮਤਾ ਕੋਈ ਨ ਤੈਨੂੰ ਹਿਲਾ ਸਕਦੀ।
ਤੂ ਅਥਾਹ, ਮਹਾਨ, ਅਢਾਹ ਐਸਾ, ਤਾਕਤ ਕੋਈ ਵੀ ਤੈਨੂੰ ਨ ਢਾਹ ਸਕਦੀ।

ਮੂਲ ਪਾਠ :—ਨਮਸਤੰ ਅਨੀਲੇ ॥ ਨਮਸਤੰ ਅਨਾਦੇ ॥ ਨਮਸਤੰ ਅਛੇਦੇ ॥ ਨਮਸਤੰ ਅਗਾਧੇ ॥੭॥

**ਸ਼ਬਦਾਰਥ**:—ਅਨੀਲ = ਹਵਾ, ਪ੍ਰਾਣ, ਸਭ ਜੀਵਾਂ ਦਾ ਮੂਲ ਅਧਾਰ। ਅਨਾਦ = ਅਨ + ਆਦਿ = ਜਿਸ ਦਾ ਕੋਈ ਅਰੰਭ (ਆਦਿ) ਨ ਲਭ ਸਕੇ। ਅਛੇਦੇ = ਅ + ਛੇਦੇ। ਛੇਦੇ = ਟੋਟੇ ਟੋਟੇ ਕਰਨਾ। ਅਛੇਦੇ = ਜਿਹ ਦੇ ਟੋਟੇ ਨਾ ਹੋ ਸਕਣ। ਅਗਾਧ = ਅ + ਗਾਧ। ਗਾਧ = ਗਾਹੁਣਾ, ਅਗਾਧ = ਜਿਹੜਾ ਗਾਹਿਆ ਨ ਜਾ ਸਕੇ, ਜਿਸ ਦੀ ਲੰਬਾਈ, ਚੋੜਾਈ ਅਥਵਾ ਡੂੰਘਾਈ ਨ ਲਭ ਸਕੇ।

†ਕਸ਼ਮਤਾ—ਸਮਰਥਾ, ਸ਼ਕਤੀ।



www.AKJ.Org

**ਕਾਵਿ ਭਾਵਾਰਥ :–**

ਸਰਬ ਜੀਵਾਂ ਦੇ ਮੂਲ ਅਧਾਰ ਪ੍ਰੀਤਮ ! ਹੇ ਅਨੀਲ ਦਾਤਾ ਨਮਸਕਾਰ ਮੇਰੀ।
ਦਾਤਾ ਤੇਰਾ ਕੋਈ ਆਦਿ ਆਗਾਜ਼ ਨਹੀਂ ਏ, ਹੇ ਅਨਾਦ ਪ੍ਰੀਤਮ ਨਮਸਕਾਰ ਮੇਰੀ।
ਟੋਟੇ ਟੋਟੇ ਤੈਨੂੰ ਕਰ ਨ ਸਕੇ ਕੋਈ, ਤੈਨੂੰ ਹੋ ਸਕੇ ਪ੍ਰੀਤਮਾ ਛੇਦ ਕੋਈ ਨ।
ਹੇ ਅਗਾਧ ! ਤੈਨੂੰ ਗਾਹ ਨ ਸਕੇ ਕੋਈ, ਤੇਰਾ ਪਾ ਸਕੇ ਰਤੀ ਭੇਦ ਕੋਈ ਨਾ।

**ਮੂਲ ਪਾਠ :–ਨਮਸਤੰ ਅਗੰਜੇ ॥ ਨਮਸਤੰ ਅਭੰਜੇ ॥ ਨਮਸਤੰ ਉਦਾਰੇ ॥ ਨਮਸਤੰ ਅਪਾਰੇ ॥੮॥**

**ਸ਼ਬਦਾਰਥ** :–ਅਗੰਜ=ਅਜਿਤ। ਅਭੰਜ=ਜੋ ਭੰਨਿਆ ਨਾ ਜਾ ਸਕੇ। ਉਦਾਰ=ਵਿਸ਼ਾਲ ਹਿਰਦੇ ਵਾਲਾ, ਖੁਲ੍ਹੇ ਦਿਲ ਵਾਲਾ। ਅਪਾਰ=ਬੇਅੰਤ, ਜਿਸਦਾ ਪਾਰ ਨ ਪਾਇਆ ਜਾ ਸਕੇ।

**ਕਾਵਿ ਭਾਵਾਰਥ :–**

ਨਮਸਕਾਰ ਮੇਰੀ, ਤੈਨੂੰ ਮੇਰੇ ਦਾਤਾ, ਜਿਤਿਆ ਜਾ ਨ ਸਕੇਂ, ਅਗੰਜ ਹੈਂ ਤੂੰ।
ਤੈਨੂੰ ਤੋੜਿਆ ਭੰਨਿਆ ਜਾ ਸਕੇ ਨਾ, ਹੈਂ ਸਦੀਵ ਦਾਤਾ ਤੇ ਅਭੰਜ ਹੈਂ ਤੂੰ।
ਹਿਰਦਾ ਤੇਰਾ ਵਿਸ਼ਾਲ ਮਹਾਨ ਪ੍ਰੀਤਮ, ਹੇ ਉਦਾਰ-ਚਿਤ, ਤੈਨੂੰ ਪ੍ਰਨਾਮ ਮੇਰਾ।
ਲੀਲ੍ਹਾ ਅਪਰ ਅਪਾਰ ਬੇਅੰਤ ਤੇਰੀ, ਹੇ ਅਪਾਰ, ਹੈ ਤੈਨੂੰ ਪ੍ਰਨਾਮ ਮੇਰਾ।

**ਮੂਲ ਪਾਠ :–ਨਮਸਤੰ ਸੁ ਏਕੈ ॥ ਨਮਸਤੰ ਅਨੇਕੈ ॥ ਨਮਸਤੰ ਅਭੂਤੇ ॥ ਨਮਸਤੰ ਅਜੂਪੇ ॥੯॥**

**ਸ਼ਬਦਾਰਥ** :–ਸੁ ਏਕ=ਇਕੋ ਇਕ। ਅਭੂਤ=ਅ+ਭੂਤ। ਭੂਤ=ਪੰਜ ਤਤ। ਅਭੂਤ=ਜਿਹੜਾ ਪੰਜਾਂ ਤਤਾਂ ਤੋਂ ਨ ਬਣਿਆ ਹੋਵੇ। ਅਜੂਪ=ਅ+ਜੂਪ। ਜੂਪ=ਜੋਪ, ਬੰਨ੍ਹਣਾ। ਅਜੂਪ=ਬੰਧਨਾਂ ਤੋਂ ਮੁਕਤ।

**ਕਾਵਿ ਭਾਵਾਰਥ :–**

ਆਪਣੇ ਆਪ ਤੋਂ ਹੀ ਹੈ ਪ੍ਰਕਾਸ਼ ਤੇਰਾ, ਇਕੋ ਇਕ ਤੂੰ ਪਰਮ ਮਹਾਨ ਦਾਤਾ !
ਇਕੋ ਇਕ ਭਾਵੇਂ ਪਰ ਅਨੇਕ ਵੀ ਏਂ, ਤੈਨੂੰ ਮੇਰਾ †ਨਤ ਮਸਤਕ ਪ੍ਰਨਾਮ ਦਾਤਾ !
ਧਰਤੀ, ਅਗਨ, ਅਕਾਸ਼ ਤੇ ਹਵਾ ਪਾਣੀ, ਤੂੰ ਹੈ ਪੰਜਾਂ ਹੀ ਤਤਾਂ ਤੋਂ ਬਾਹਰ ਪ੍ਰੀਤਮ !
ਬੰਧਨ ਨਹੀਂ ਕੋਈ, ਤੈਨੂੰ ਬੰਨ੍ਹ ਸਕੇ ਜੋ, ਹਰ ਪ੍ਰਕਾਰ ਦੇ ਬੰਧਨ ਤੋਂ ਪਾਰ ਪ੍ਰੀਤਮ !

**ਮੂਲ ਪਾਠ :–ਨਮਸਤੰ ਨ੍ਰਿਕਰਮੇ ॥ ਨਮਸਤੰ ਨ੍ਰਿਭਰਮੇ ॥ ਨਮਸਤੰ ਨ੍ਰਿਦੇਸੇ ॥ ਨਮਸਤੰ ਨ੍ਰਿਭੇਸੇ ॥੧੦॥**

**ਸ਼ਬਦਾਰਥ** :–ਨ੍ਰਿਕਰਮੇ=ਕਰਮ ਮੁਕਤ। ਨ੍ਰਿਭਰਮੇ=ਭਰਮਾਂ ਤੋਂ ਮੁਕਤ। ਨ੍ਰਿਦੇਸੇ=ਦੇਸ ਰਹਿਤ। ਨ੍ਰਿਭੇਸੇ=ਭੇਸ ਰਹਿਤ।

†ਨਤ=ਨਿਵਿਆਂ ਹੋਇਆਂ।

**ਕਾਵਿ ਭਾਵਾਰਥ :–**

ਕਰਮ ਚਕਰ ਤੋਂ ਮੁਕਤ ਹੈਂ ਪ੍ਰਭੂ ਮੇਰੇ, ਤੈਨੂੰ ਸਦਾ ਮੇਰੀ ਨਮਸਕਾਰ ਦਾਤਾ।
ਤੈਨੂੰ ਬੰਦਨਾ ਮੇਰੀ ਸੌ ਵਾਰ ਪ੍ਰੀਤਮ, ਤੈਨੂੰ ਭਰਮ ਨਹੀਂ ਕਿਸੇ ਪ੍ਰਕਾਰ ਦਾਤਾ।
ਤੇਰਾ ਕੋਈ ਵਿਸ਼ੇਸ਼ ਇਕ ਦੇਸ ਨਹੀਂ ਹੈ, ਤੂੰ ਹੈਂ ਸਰਬ ਵਿਆਪਕ ਦਾਤਾਰ ਮੇਰਾ।
ਤੇਰਾ ਕੋਈ ਵੀ ਖ਼ਾਸ ਇਕ ਭੇਸ ਨਹੀਂ ਹੈ, ਹੈਂ ਹਰ ਭੇਸ ਵਿਚ ਤੂੰਹੀਓਂ ਕਰਤਾਰ ਮੇਰਾ।

**ਮੂਲ ਪਾਠ :–ਨਮਸਤੰ ਨ੍ਰਿਨਾਮੇ ॥ ਨਮਸਤੰ ਨ੍ਰਿਕਾਮੇ ॥ ਨਮਸਤੰ ਨ੍ਰਿਧਾਤੇ ॥ ਨਮਸਤੰ ਨ੍ਰਿਘਾਤੇ ॥੧੧॥**

**ਸ਼ਬਦਾਰਥ** :–ਨ੍ਰਿਨਾਮੇ=ਨਾਮ ਰਹਿਤ। ਨ੍ਰਿਕਾਮੇ=ਕਾਮ ਵਾਸ਼ਨਾ ਤੋਂ ਮੁਕਤ। ਨ੍ਰਿਧਾਤੇ=ਪੰਜਾਂ ਤਤਾਂ ਤੋਂ ਮੁਕਤ। ਨ੍ਰਿਘਾਤੇ=ਜਿਸ ਉਤੇ ਕੋਈ ਘਾਤ ਨਹੀਂ ਲਾ ਸਕਦਾ, ਚੋਟ ਨਹੀਂ ਕਰ ਸਕਦਾ।

**ਕਾਵਿ ਭਾਵਾਰਥ :–**

ਨਾਹ ਤਾਂ ਨਾਵਾਂ ਦੀ ਕੈਦ ਵਿਚ ਕੈਦ ਹੈਂ ਤੂੰ, ਹਰ ਇਕ ਜੀਅ ਦਾ ਨਾਉਂ ਹੈ ਨਾਉਂ ਤੇਰਾ।
ਕਾਮ ਵਾਸ਼ਨਾ ਤੈਨੂੰ ਨਹੀਂ ਪੋਹ ਸਕਦੀ, ਕਾਮ ਰਹਿਤ ਨਿਰਲੇਪ ਸੁਭਾਉ ਤੇਰਾ।
ਪੰਜਾਂ ਧਾਤਾਂ ਚੋਂ ਕਿਸੇ ਤੋਂ ਬਣਿਆ ਨਹੀਂ ਤੂੰ, ਹੇ ਨ੍ਰਿਧਾਤ ਪ੍ਰੀਤਮ, ਮੈਂ ਪ੍ਰਨਾਮ ਕਰਨਾਂ।
ਘਾਤ ਲਾ, ਨਾਹ ਚੋਟ ਕਰ ਸਕੇ ਕੋਈ, ਹੇ ਨ੍ਰਿਘਾਤ ਪ੍ਰੀਤਮ, ਮੈਂ ਪ੍ਰਨਾਮ ਕਰਨਾਂ। [ਚਲਦਾ]

www.AKJ.Org

# ਤਖ਼ਤ ਸ੍ਰੀ ਹਜ਼ੂਰ ਸਾਹਿਬ ਦੀ ਮਰਯਾਦਾ

## ਬੁੱਢਾ ਦਲ ਦੇ ਜਥੇਦਾਰ ਦਾ ਹੁਕਮਨਾਮਾ ਤੇ ਸਮਕਾਲੀ ਰਾਵਾਂ

ਪੰਜ ਤਖ਼ਤਾਂ ਵਿਚੋਂ ਤਿੰਨ ਤਖ਼ਤ (੧) ਸ੍ਰੀ ਅਕਾਲ ਤਖ਼ਤ ਸਾਹਿਬ, (੨) ਸ੍ਰੀ ਕੇਸਗੜ੍ਹ ਸਾਹਿਬ, ਅਤੇ (੩) ਸ੍ਰੀ ਦਮਦਮਾ ਸਾਹਿਬ ਪੰਜਾਬ ਵਿਚ ਹਨ ਅਤੇ ਸ਼੍ਰੋਮਣੀ ਗੁ: ਪ੍ਰ: ਕਮੇਟੀ ਦੇ ਪਰਬੰਧ ਵਿਚ ਹਨ। ਇਨ੍ਹਾਂ ਤਿੰਨਾਂ ਤਖ਼ਤਾਂ ਦੀ ਮਰਯਾਦਾ ਸਮਾਨ ਹਨ। ਬਾਕੀ ਦੋ ਤਖ਼ਤ (੧) ਸ੍ਰੀ ਪਟਨਾ ਸਾਹਿਬ, ਅਤੇ (੨) ਅਬਚਲ ਨਗਰ ਸ੍ਰੀ ਹਜ਼ੂਰ ਸਾਹਿਬ ਬਾਹਰਲੇ ਪ੍ਰਾਂਤਾਂ ਵਿਚ ਹਨ ਅਤੇ ਇਨ੍ਹਾਂ ਦਾ ਪਰਬੰਧ ਸ਼੍ਰੋਮਣੀ ਕਮੇਟੀ ਦੇ ਅਧੀਨ ਨਹੀਂ। ਇਨ੍ਹਾਂ ਦੀਆਂ ਆਪੋ ਆਪਣੀਆਂ ਪਰਬੰਧਕ ਕਮੇਟੀਆਂ ਹਨ। ਤਖ਼ਤ ਸ੍ਰੀ ਪਟਨਾ ਸਾਹਿਬ ਦੀ ਮਰਯਾਦਾ ਵਿਚ ਭਾਵੇਂ ਕੋਈ ਖ਼ਾਸ ਫ਼ਰਕ ਨਹੀਂ, ਪਰ ਸ੍ਰੀ ਹਜ਼ੂਰ ਸਾਹਿਬ ਦੀ ਮਰਯਾਦਾ ਵਿਚ ਤਾਂ ਕਾਫ਼ੀ ਚਿਰ ਤੋਂ ਅੰਤਰ ਵੇਖਣ ਵਿਚ ਆ ਰਿਹਾ ਹੈ। ਪੰਥ ਵਲੋਂ ਬਹੁਤ ਲੰਮਾ ਸਮਾਂ ਇਸ ਸੰਬੰਧੀ ਅਣਗਹਿਲੀ ਰਹੀ ਹੈ। ਹੁਣ ਜਦੋਂ ਉਥੋਂ ਦੇ ਹੈਡ ਪੁਜਾਰੀ ਵਲੋਂ ਨਿਜੀ ਮਨ-ਮਾਨੀਆਂ ਕੀਤੀਆਂ ਜਾਣੀਆਂ ਵੀ ਅਰੰਭ ਹੋਈਆਂ ਤਾਂ ਉਨ੍ਹਾਂ ਦੇ ਨਾਲ ਉਥੋਂ ਦੀ ਮਰਯਾਦਾ ਦੀ ਭਿੰਨਤਾ ਦਾ ਮਸਲਾ ਭੀ ਉਭਰ ਕੇ ਸਾਹਮਣੇ ਆਇਆ ਹੈ। ਪਿਛਲੇ ਕੁਝ ਮਹੀਨਿਆਂ ਤੋਂ ਹੈਡ ਪੁਜਾਰੀ ਅਤੇ ਗੁਰਦੁਆਰਾ ਬੋਰਡ ਸਚਖੰਡ ਸ੍ਰੀ ਹਜ਼ੂਰ ਸਾਹਿਬ ਵਿਚਕਾਰ ਇਸ ਬਾਰੇ ਪਰਸਪਰ ਕਸ਼ਮਕਸ਼ ਚਲਦੀ ਆ ਰਹੀ ਸੀ। ਇਸ ਸੰਬੰਧ ਵਿਚ ਉਪਰੋਕਤ ਗੁਰਦੁਆਰਾ ਬੋਰਡ ਵਲੋਂ ੨੭-੧੦-੭੬ ਨੂੰ ਪੰਥਕ ਕਨਵੈਨਸ਼ਨ ਵੀ ਬੁਲਾਈ ਗਈ। ਪਤਾ ਨਹੀਂ ਕਿਉਂ, ਮਗਰੋਂ ਇਹ ਮੁਲਤਵੀ ਕੀਤੀ ਗਈ।

ਬੁਢਾ ਦਲ ਦੇ ਜਥੇਦਾਰ ਬਾਬਾ ਸੰਤਾ ਸਿੰਘ ਜੀ ਵਲੋਂ ਮਿਤੀ ੬-੧੦-੭੬ ਨੂੰ ਸਮੂਹ ਸਿਖ ਪੰਥ ਦੇ ਨਾਮ ਇਸ ਸੰਬੰਧ ਵਿਚ ਇਕ ਹੁਕਮਨਾਮਾ ਜਾਰੀ ਕੀਤਾ ਗਿਆ। ਪਾਠਕਾਂ ਦੀ ਗਿਆਤ ਲਈ ਸਗਵਾਂ ਹੁਕਮਨਾਮਾ ਅਤੇ ਉਸ ਉਤੇ ਵਖ ਵਖ ਅਖ਼ਬਾਰਾਂ ਅਤੇ ਰਸਾਲਿਆਂ ਵਿਚ ਛਪੀਆਂ ਟਿਪਣੀਆਂ ਨੰਬਰਵਾਰ ਦ੍ਰਿਸ਼ਟੀ ਗੋਚਰੇ ਕੀਤੀਆਂ ਜਾ ਰਹੀਆਂ ਹਨ—

੧. ਸ: ਰਲਾ ਸਿੰਘ ਸਪੈਸ਼ਲ ਅਫ਼ਸਰ ਅਤੇ ਸੁਪ੍ਰਿੰਟੈਂਡੈਂਟ ਗੁਰਦੁਆਰਾ ਬੋਰਡ ਸਚਖੰਡ ਸ੍ਰੀ ਹਜ਼ੂਰ ਸਾਹਿਬ ਨਾਦੇੜ ਦਾ ਪੱਤਰ, ਜਿਸ ਰਾਹੀਂ ਉਸ ਨੇ ਉਪਰੋਕਤ ਹੁਕਮਨਾਮੇ ਦੀਆਂ ਨਕਲਾਂ ਵਖ ਵਖ ਅਖ਼ਬਾਰਾਂ, ਸੰਸਥਾਵਾਂ ਅਤੇ ਜ਼ਿਮੇਵਾਰ ਵਿਅ-ਕਤੀਆਂ ਨੂੰ ਭੇਜੀਆਂ ਹਨ।

੨. ਬਾਬਾ ਸੰਤਾ ਸਿੰਘ ਜੀ ਦੇ ਨਿਜੀ ਸਕੱਤਰ ਬੇਦੀ ਰਛਪਾਲ ਸਿੰਘ ਵਲੋਂ ਦਿਤੀ ਹੁਕਮਨਾਮੇ ਬਾਰੇ ਜਾਣਕਾਰੀ।

੩. ਮੂਲ ਰੂਪ ਵਿਚ ਹੁਕਮਨਾਮਾ।

੪. ਟਿਪਣੀਆਂ :

(ੳ) ਐਡੀਟਰ ਸਪਤਾਹਕ 'ਪ੍ਰਕਾਸ਼' ਅੰਮ੍ਰਿਤਸਰ-ਪਟਿਆਲਾ।

(ਅ) ਸਪਤਾਹਕ 'ਰਣਜੀਤ' ਬੰਬੇ।

(ੲ) ਸਪਤਾਹਕ 'ਮਾਨ ਸਰੋਵਰ' ਦਿਲੀ।

(ਸ) ਮਾਸਕ ਗਿਆਨ ਅੰਮ੍ਰਿਤ' ਅੰਮ੍ਰਿਤਸਰ।

(ਹ) ਗਿ: ਊਧਮ ਸਿੰਘ ਜੀ ਦੀ ਜਨਰਲ ਸਕੱਤਰ ਸਿੰਘ ਸਭਾ ਸ਼ਤਾਬਦੀ ਕਮੇਟੀ ਦੇ ਨਾਮ ਚਿਠੀ।

(ਕ) ਸ. ਸੰਗਤ ਸਿੰਘ ਜੀ ਦੀ ਚਿਠੀ, ਜੋ 'ਰਣਜੀਤ' ਵਿਚ ਛਪੀ।

(ਖ) ਐਡੀਟੋਰੀਅਲ ਨੋਟ (ਅੰਗਰੇਜ਼ੀ ਵਿਚ) ਸਪੋਕਸਮੈਨ ਅਤੇ ਪੰਜਾਬੀ ਉਲਥਾ।

... ... ...

ਸਾਰਾ ਕੁਝ ਪੜ੍ਹ ਕੇ ਸੁਭਾਵਕ ਹੀ ਪਾਠਕਾਂ ਦੇ ਅੰਦਰ ਗੁੱਸੇ ਦੀ ਲਹਿਰ ਦੌੜ ਜਾਵੇਗੀ ਅਤੇ ਭਾਂਤ ਭਾਂਤ ਦੇ ਪ੍ਰਸ਼ਨ ਉਨ੍ਹਾਂ ਦੇ ਮਨ ਵਿਚ ਉਠਣਗੇ।



www.AKJ.Org

ਨਿਰਸੰਦੇਹ ਬਾਬਾ ਸੰਤਾ ਸਿੰਘ ਜੀ ਨੇ ਗੁਰਮਤਿ ਸਿਧਾਂਤਾਂ ਤੋਂ ਉਲਟ ਫ਼ੈਸਲਾ,ਜਿਸ ਨੂੰ ਉਨ੍ਹਾਂ ਹੁਕਮਨਾਮੇ ਦੀ ਸੰਗਿਆ ਦਿਤੀ ਹੈ, ਸੁਣਾ ਕੇ ਗੁਰਮਤਿ ਸਿਧਾਂਤਾਂ ਅਤੇ ਸਮੁਚੇ ਪੰਥ ਦੀ ਨਿਰਾਦਰੀ ਕਰਨ ਦੀ ਅਵੱਗਿਆ ਕੀਤੀ ਹੈ। ਜਿਸ ਤਰੀਕੇ ਨਾਲ ਉਨ੍ਹਾਂ ਨੇ ਇਹ ਸਭ ਕੁਝ ਕੀਤਾ ਹੈ, ਉਹ ਸਾਰਾ ਨਿੰਦਨੀਯ ਹੈ। ਇਸ ਅਖੌਤੀ ਹੁਕਮਨਾਮੇ ਦੀ ਬੋਲੀ ਅਤੇ ਸ਼ੈਲੀ ਵਿਚੋਂ ਟਪਕਦੀ ਜੱਥੇਦਾਰ ਸਾਹਿਬ ਦੀ ਆਕੜ ਅਤੇ ਸੀਨਾਜ਼ੋਰੀ ਤੋਂ ਉਨ੍ਹਾਂ ਦੀ ਪੰਥ ਵਿਰੁਧ ਬਗ਼ਾਵਤ ਦੀ ਝਲਕ ਪੈਂਦੀ ਹੈ।

ਪੰਥ ਦੇ ਸਾਹਮਣੇ ਇਸ ਵੇਲੇ ਇਕ ਸਿਧਾਂਤਕ ਸਵਾਲ ਆ ਖੜਾ ਹੋਇਆ ਹੈ ਕਿ ਜੇ ਕੋਈ ਇਕੱਲਾ ਵਿਅਕਤੀ ਆਪਣੇ ਆਪ ਨੂੰ ਪੰਥ ਦੀ ਧਰਮ-ਧੁਜਾ ਅਤੇ ਸੁਲ਼ਤਾਨੁਲ ਕੌਮ ਮੰਨ ਕੇ ਮੂੰਹ-ਜ਼ੋਰ ਹੋ ਜਾਂਦਾ ਹੈ ਅਤੇ ਹੰਗਤਾ ਦੇ ਮਦ ਵਿਚ ਗੁਰਮਤਿ ਸਿਧਾਂਤਾਂ ਤੋਂ ਆਕੀ ਹੋ ਕੇ, ਆਪਣੇ ਮਨਮਤੀ ਸਿਧਾਂਤਾਂ ਨੂੰ ਮੰਨਦਾ ਅਤੇ ਪਰਚਾਰਦਾ ਹੈ ਅਤੇ ਪੰਥ ਨੂੰ ਹੁਕਮਨਾਮੇ ਜਾਰੀ ਕਰਨ ਦੀ ਜੁਰਅਤ ਕਰਦਾ ਹੈ ਤਾਂ ਉਸ ਨਾਲ ਕੀ ਵਰਤਾਉ ਕੀਤਾ ਜਾਣਾ ਚਾਹੀਦਾ ਹੈ। ਬਾਬਾ ਸੰਤਾ ਸਿੰਘ ਜੀ ਨੇ ਆਪਣੇ ਨਿਜੀ ਨਾਮ ਨਾਲ ਪੰਥ ਪਦ ਦੀ ਅਨੁਚਿਤ ਵਰਤੋਂ ਕਰ ਕੇ ਅਤੇ ਇਸ ਪਦ ਦੀ ਅਯੋਗ ਵਰਤੋਂ ਕਰ ਕੇ ਪੰਥ ਦੀ ਅਵੱਗਿਆ ਕੀਤੀ ਹੈ, ਜੋ ਕਿ ਇਕ ਬੱਜਰ ਦੋਸ਼ ਹੈ। ਜੇ ਉਹ ਆਪਣੇ ਇਸ ਦੋਸ਼ ਦਾ ਅਹਿਸਾਸ ਕਰ ਕੇ ਅਕਾਲ ਤਖ਼ਤ ਸਾਹਿਬ ਪੁਜ ਕੇ, ਇਸ ਦੀ ਖਿਮਾ ਮੰਗ ਲੈਣ ਤਾਂ ਵਾਹਵਾ, ਨਹੀਂ ਤਾਂ ਪੰਥ ਨੂੰ ਤੁਰਤ ਇਕ-ਮੁੱਠ ਹੋ ਕੇ ਇਸ ਸੰਬੰਧੀ ਪੰਥਕ ਕਨਵੈਨਸ਼ਨ ਬੁਲਾ ਕੇ ਸਾਰੇ ਮਸਲੇ ਨੂੰ ਨਜਿਠਣ ਲਈ ਤਤਪਰ ਹੋਣਾ ਚਾਹੀਦਾ ਹੈ ਅਤੇ ਸਾਰੇ ਤਖ਼ਤ ਸਾਹਿਬਾਨ ਉਤੇ ਇਕ-ਸਾਰ ਮਰਯਾਦਾ ਪਰਚਲਤ ਕਰਾਉਣ ਲਈ ਪ੍ਰਯਤਨ-ਸ਼ੀਲ ਹੋਣਾ ਚਾਹੀਦਾ ਹੈ। ਨਾਲ ਹੀ ਅਜਿਹਾ ਬਾਨ੍ਹਣੂ ਬੰਨ੍ਹਣਾ ਚਾਹੀਦਾ ਹੈ ਕਿ ਅਗੋਂ ਲਈ ਕੋਈ ਪੰਥ ਦੀ ਅਵੱਗਿਆ ਕਰਨ ਦੀ ਜੁਰਅਤ ਨਾ ਕਰੇ।

ਫ਼ੈਸਲੇ ਦੇ ਜਿਨ੍ਹਾਂ ਇਤਰਾਜ਼ ਯੋਗ ਨੁਕਤਿਆਂ, ਬਾਰੇ ਨਿਰਣਾ ਕੀਤਾ ਜਾਣ ਦੀ ਲੋੜ ਹੈ, 'ਸੂਰਾ' ਪੱਤਰ ਦੇ ਵਿਚਾਰ ਇਸ ਪਰਕਾਰ ਹਨ—

**ਜਨਰਲ—**

(ੳ) ਪੰਥ ਦੀ ਧਰਮ-ਧੁਜਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹਨ, ਬਾਕੀ ਸਭ ਵਿਅਕਤੀ, ਭਾਵੇਂ ਕਿਤਨੀ ਉਚੀ ਦੁਨਿਆਵੀ ਪਦਵੀ ਜਾਂ ਆਤਮਕ ਅਵਸਥਾ ਦੇ ਸੁਆਮੀ ਹੋਣ, ਪੰਥ ਦੇ ਸੇਵਾਦਾਰ ਹਨ। ਪੰਥ ਸਰਬੋਤਮ ਸੰਸਥਾ ਹੈ।

(ਅ) ਪੰਥ ਪ੍ਰਮਾਣਿਤ ਤਖ਼ਤ ਗਿਣਤੀ ਵਿਚ ਹੇਠ ਲਿਖੇ ਪੰਜ ਹਨ:—

੧. ਸ੍ਰੀ ਅਕਾਲ ਤਖ਼ਤ ਸਾਹਿਬ, ਅੰਮ੍ਰਿਤਸਰ।
੨. ਸ੍ਰੀ ਕੇਸਗੜ੍ਹ ਸਾਹਿਬ, ਅਨੰਦਪੁਰ।
੩. ਸ੍ਰੀ ਦਮਦਮਾ ਸਾਹਿਬ, ਤਲਵੰਡੀ ਸਾਬੋ।
੪. ਸ੍ਰੀ ਪਟਨਾ ਸਾਹਿਬ।
੫. ਸ੍ਰੀ ਅਬਚਲ ਨਗਰ ਹਜ਼ੂਰ ਸਾਹਿਬ, ਨਾਂਦੇੜ।

ਬੁਢਾ ਦਲ ਦਾ ਦਾਅਵਾ ਕਿ ਉਨ੍ਹਾਂ ਦਾ ਚਲਦਾ ਵਹੀਰ ਪੰਜਵਾਂ ਤਖ਼ਤ ਹੈ, ਬੇਬੁਨਿਆਦ ਅਤੇ ਮਹਿਜ਼ ਕਪੋਲ-ਕਲਪਨਾ ਹੈ। ਇਸ ਨੂੰ ਪੰਥ ਵਿਚ ਨਾ ਪਹਿਲੋਂ ਕੋਈ ਪ੍ਰਮਾਣਤਾ ਹੈ, ਨਾ ਹੀ ਹੋ ਸਕਦੀ ਹੈ।

**ਅਰੰਭਕ ਪੈਰਾ—**

(ੳ) ਪੰਥ ਇਕ ਸਰਬੋਤਮ ਸੰਸਥਾ ਹੈ। ਕਿਸੇ ਇਕੱਲੇ ਵਿਅਕਤੀ ਨੂੰ ਸਮੁਚੇ ਪੰਥ ਪ੍ਰਤੀ ਹੁਕਮਨਾਮਾ ਜਾਰੀ ਕਰਨ ਦਾ ਕੋਈ ਅਧਿਕਾਰ ਨਹੀਂ। ਅਜਿਹਾ ਕਰਨਾ ਕੁਫ਼ਰ ਹੈ।

(ਅ) ਗੁਰਮਤਿ ਵਿਰੁੱਧ ਮਨਮਤੀ ਫ਼ੈਸਲੇ ਨੂੰ ਹੁਕਮਨਾਮੇ ਦੀ ਸੰਗਿਆ ਦੇਣੀ ਆਪਣੇ ਆਪ ਵਿਚ ਵਡਾ ਅਪਰਾਧ ਹੈ। ਅਜਿਹੇ ਕੁਫ਼ਰ ਅਤੇ ਕੁਫ਼ਰ ਦੇ ਪਲੰਦੇ ਵਿਰੁਧ ਕੇਵਲ ਕਿੰਤੂ ਹੀ ਨਹੀਂ, ਸਾਰਾ ਸਿਖ ਜਗਤ ਇਸ ਦੀ ਕਰੜੀ ਨਿੰਦਾ ਕਰਦਾ ਹੈ। ਕੂੜ ਨੂੰ ਕੂੜ ਆਖਣ ਵਾਲਾ ਬੱਜਰ ਤਨਖਾਹੀਆ ਨਹੀਂ, ਸਗੋਂ ਕੂੜ ਕੇ ਕਿਲ੍ਹੇ ਉਸਾਰਨ ਵਾਲੇ ਦੇ ਆਪਣੇ ਵਿਰੁਧ ਇਹ ਫ਼ਤਵਾ ਲਗਦਾ ਹੈ।

**ਫ਼ੈਸਲਾ ਨੰਬਰ ੨—**

(ੳ) ਅੰਗੀਠਾ ਸਾਹਿਬ ਜਾਂ ਤਪ-ਅਸਥਾਨ ਦੀ ਚਰਚਾ ਅਨੁਚਿਤ, ਵਾਧੂ ਤੇ ਫ਼ਜ਼ੂਲ ਹੈ। ਸਿਧੀ ਗੱਲ ਹੈ ਕਿ ਇਹ ਅਸਥਾਨ ਤਖ਼ਤ ਸਾਹਿਬ ਹੈ।



www.AKJ.Org

(ਅ) ਇਸ ਤਖ਼ਤ ਸਾਹਿਬ ਉਤੇ ਅਤੇ ਬਾਕੀ ਸਾਰੇ ਤਖ਼ਤ ਸਾਹਿਬਾਨ ਉਤੇ, ਤਖ਼ਤ ਚਵਰ ਦੇ ਵਾਲੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹੀ ਸੁਭਾਇਮਾਨ ਹੋਣੇ ਚਾਹੀਦੇ ਹਨ, ਜੋ ਸਾਡੇ ਵਰਤਮਾਨ ਅਤੇ ਜੁਗੋ ਜੁਗ ਅਟੱਲ ਸਤਿਗੁਰੂ ਹਨ। ਸਾਡਾ ਇਸ਼ਟ ਕੇਵਲ ਸਤਿਗੁਰੂ ਜੀ ਹਨ। ਸਿਖ ਧਰਮ ਵਿਚ ਸ਼ਸਤਰਾਂ ਦੀ ਵਡੀ ਮਹਾਨਤਾ ਹੈ, ਪਰ ਸ਼ਸਤਰਾਂ ਦੇ ਵਾਲੀ (ਮਾਲਕ) ਦੀ ਮਹਾਨਤਾ ਕਿਤੇ ਵਧੇਰੇ ਹੈ।

**ਫ਼ੈਸਲਾ ਨੰਬਰ ੩**–ਸ਼ਰਧਾ ਦਾ ਸੰਬੰਧ ਦਰਵਾਜ਼ੇ ਖੁਲ੍ਹਣ ਰਖਣ ਜਾਂ ਬੰਦ ਰਖਣ ਨਾਲ ਨਹੀਂ, ਸਗੋਂ ਇਸ ਗੱਲ ਨਾਲ ਹੈ ਕਿ ਉਥੇ ਨਾਮ ਬਾਣੀ ਦਾ ਪਰਵਾਹ ਚਲਦਾ ਹੋਵੇ। ਜਿਥੇ ਨਾਮ ਬਾਣੀ ਦਾ ਪਰਵਾਹ ਚਲਦਾ ਹੈ ਉਥੇ ਸੰਗਤਾਂ ਹੁਮ-ਹੁਮਾ ਕੇ ਪੁਜਣਗੀਆਂ। ਗੁਰੂ-ਦਰ ਹਰ ਵਕਤ ਅਤੇ ਹਰ ਕਿਸੇ ਵਾਸਤੇ ਖੁਲ੍ਹਾ ਹੈ।

**ਫ਼ੈਸਲਾ ਨੰ: ੪**–ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰੂ-ਪਦਵੀ ਪ੍ਰਾਪਤ ਹੈ। ਇਨ੍ਹਾਂ ਦੇ ਬਰਾਬਰ ਕਿਸੇ ਹੋਰ ਗ੍ਰੰਥ ਦੇ ਪਰਕਾਸ਼ ਕੀਤੇ ਜਾਣ ਦਾ ਵਿਚਾਰ ਅਯੋਗ ਹੈ। ਸ੍ਰੀ ਦਸਮ ਗ੍ਰੰਥ ਇਕ ਉਤਮ ਧਾਰਮਕ ਗ੍ਰੰਥ ਜੀ ਹਨ, ਪਰ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ "ਗੁਰੂ" ਹਨ।

**ਫ਼ੈਸਲਾ ਨੰਬਰ ੧੨**–ਸੁਖ ਨਿਧਾਨ (ਭੰਗ) ਇਕ ਨਸ਼ਾ ਹੈ। ਨਸ਼ਿਆਂ ਦੀ ਵਰਤੋਂ ਸਿਖ ਧਰਮ ਵਿਚ ਵਿਵਰਜਿਤ ਹੈ। ਗੁਰਬਾਣੀ ਦਾ ਫ਼ੁਰਮਾਨ ਹੈ—

(੧) ਦੁਰਮਤਿ ਮਦੁ ਜੋ ਪੀਵਤੇ ਬਿਖਲੀਪਤਿ ਕਮਲੀ ॥ ਰਾਮ ਰਸਾਇਣਿ ਜੋ ਰਤੇ ਨਾਨਕ ਸਚ ਅਮਲੀ ॥੪॥੧੨॥ (੩੯੯)

(੨) ਜਿਤੁ ਪੀਤੈ ਮਤਿ ਦੂਰਿ ਹੋਇ ਬਰਲੁ ਪਵੈ ਵਿਚਿ ਆਇ ॥ ਆਪਣਾ ਪਰਾਇਆ ਨ ਪਛਾਣਈ ਖਸਮਹੁ ਧਕੇ ਖਾਇ ॥ (੫੫੩)

ਭੰਗ ਵਰਗੇ ਸਰੀਰ ਨੂੰ ਨਿਕੰਮੇ ਕਰਨ ਵਾਲੇ ਨਸ਼ੇ ਦਾ ਸੇਵਨ ਕਰਨਾ ਆਪਣੇ ਆਪ ਵਿਚ ਵਿਵਰਜਿਤ ਕਰਮ ਹੈ, ਪਰ ਇਸ ਦੀ ਵਰਤੋਂ ਗੁਰੂ ਹਰਿਗੋਬਿੰਦ ਸਾਹਿਬ ਦੁਆਰਾ ਪਰਚਲਤ ਕੀਤੇ ਜਾਣਾ ਦਸ ਕੇ, ਕੁਫ਼ਰ ਤੋਲਣਾ ਅਤੇ ਨਾ-ਬਖ਼ਸ਼ੇ ਜਾਣ ਵਾਲਾ ਅਪਰਾਧ ਹੈ। ਨਿਜੀ ਕੁਚਸਕੇ ਨੂੰ ਜਾਇਜ਼ ਦਰਸਾਉਣ ਲਈ ਵਰਤਿਆ ਜਾ ਰਿਹਾ ਇਹ ਹੱਥਕੰਡਾ ਸਿਖੀ ਰਹਿਤ ਮਰਯਾਦਾ ਨੂੰ ਵਿਗਾੜਨ ਦੀ ਇਕ ਵਡੀ ਸ਼ਰਾਰਤ ਹੈ।

**ਫ਼ੈਸਲਾ ਨੰਬਰ ੧੬-੧੭** :-ਸਸਤਰਾਂ ਦਾ ਸਤਿਕਾਰ ਉਨ੍ਹਾਂ ਨੂੰ ਅਤਰ ਫੁਲੇਲ ਜਾਂ ਚੁਟੰਗੇ ਦੇ ਲਹੂ ਦੇ ਤਿਲਕ ਲਾਉਣ ਵਿਚ ਕਦਾਚਿਤ ਨਹੀਂ, ਸਗੋਂ ਇਨ੍ਹਾਂ ਨੂੰ ਸਾਫ਼ ਅਤੇ ਤੇਜ਼ ਰਖ ਕੇ, ਇਨ੍ਹਾਂ ਦੀ ਜ਼ੁਲਮ ਅਤੇ ਜ਼ਾਲਮ ਵਿਰੁਧ ਵਰਤੋਂ ਕਰਨ ਵਿਚ ਹੈ। ਸਿੰਘ ਦਾ ਸ਼ਸਤਰ ਜ਼ਾਲਮ ਦੀ ਸੁਧਾਈ ਲਈ ਹੈ, ਨਾਕਿ ਮਜ਼ਲੂਮ ਲਈ। ਚੁਟੰਗੇ ਦਾ ਝਟਕਿਆ ਸੀਸ ਅੰਦਰ ਲਿਜਾਣਾ ਮਨਮਤ, ਪਰ ਤਿਲਕ ਲਾਉਣ ਲਈ ਲਹੂ ਲਿਜਾਣਾ ਗੁਰਮਤਿ! ਕਮਾਲ ਹੈ ਲਾਡਲੀਆਂ ਫ਼ੌਜਾਂ ਦਾ ਮੰਤਕ!!

**ਫ਼ੈਸਲਾ ਨੰਬਰ ੨੦**:–ਸਿਖ ਧਰਮ ਵਿਚ ਨਸਲ ਅਤੇ ਜਾਤ ਗੋਤ ਦੇ ਅਧਾਰ ਤੇ ਵਿਤਕਰੇ ਨੂੰ ਕੋਈ ਥਾਂ ਨਹੀਂ। ਸਿਖ ਧਰਮ ਸਾਂਝੀਵਾਲਤਾ ਦਾ ਅਲਮ-ਬਰਦਾਰ ਹੈ ਅਤੇ ਇਸ ਵਿਚ ਹਰੇਕ ਵਿਅਕਤੀ ਨੂੰ, ਭਾਵੇਂ ਕਿਸੇ ਜ਼ਾਤ, ਗੋਤ ਜਾਂ ਨਸਲ ਦਾ ਹੋਵੇ, ਗੁਰਦੀਖਿਆ ਪ੍ਰਾਪਤੀ ਦਾ ਹੱਕ ਹੈ। 'ਅੰਮ੍ਰਿਤ' ਗੁਰਦੀਖਿਆ ਦੇਣ ਦਾ ਮਾਧਿਅਮ ਹੈ ਤੇ ਇਸ ਨੂੰ ਛਕਾਉਣ ਲਈ ਇਸਤ੍ਰੀ ਪੁਰਸ਼ ਜਾਂ ਵਡੀ ਛੋਟੀ ਜਾਤ ਦੇ ਅਧਾਰ ਤੇ ਵਿਤਕਰੇ ਨੂੰ ਕੋਈ ਥਾਂ ਨਹੀਂ। ਸਾਰੇ ਹੀ ਇਕੋ ਬਾਟੇ ਚੋਂ ਖੰਡੇਧਾਰ ਅੰਮ੍ਰਿਤ ਛਕਣ ਦੇ ਅਧਿਕਾਰੀ ਹਨ। ਖੰਡੇ ਦਾ ਇਤਿਹਾਸਕ ਅੰਮ੍ਰਿਤ-ਸਿੰਚਾਰ ਜੋ ਗੁਰੂ ਗੋਬਿੰਦ ਸਿੰਘ ਜੀ ਨੇ ਕੀਤਾ, ਅਤੇ ਜਿਸ ਉਤੇ ਸਾਰੇ ਸਿਖ ਜਗਤ ਨੂੰ ਮਾਣ ਹੈ, ਉਸ ਵਿਚ ਛੀਂਬੇ, ਨਾਈ, ਝੀਊਰ, ਜੱਟ, ਖਤਰੀ, ਸਭ ਨੂੰ ਇਕੋ ਬਾਟੇ ਵਿਚੋਂ ਅੰਮ੍ਰਿਤ ਛਕਾਇਆ ਗਿਆ ਅਤੇ ਗੁਰੂ ਪਾਤਸ਼ਾਹ ਨੇ ਆਪ ਉਨ੍ਹਾਂ ਨਾਲ ਅੰਮ੍ਰਿਤ-ਬਾਟੇ ਦੀ ਸਾਂਝ ਕੀਤੀ।

ਮਰਦ ਅਤੇ ਇਸਤ੍ਰੀਆਂ ਵਾਹਿਗੁਰੂ ਨੇ ਬਣਾਏ ਹਨ ਅਤੇ ਸਿਖ ਧਰਮ ਇਨ੍ਹਾਂ ਨੂੰ ਸਮਾਨਤਾ ਦਾ ਦਰਜਾ ਦੇਂਦਾ ਹੈ। ਅੰਮ੍ਰਿਤ ਛਕਾ ਕੇ ਇਸਤ੍ਰੀ ਪੁਰਸ਼ ਦੇ ਵਿਤਕਰੇ ਨੂੰ ਮਿਟਾ ਕੇ, ਦੋਹਾਂ ਵਰਗਾਂ ਨੂੰ ਖ਼ਾਲਸਾ ਸਜਾਇਆ ਜਾਂਦਾ ਹੈ। ਇਸਤ੍ਰੀਆਂ ਨੂੰ ਕਿਰਪਾਨ ਦਾ ਅੰਮ੍ਰਿਤ ਅਤੇ ਛੋਟੀਆਂ ਜਾਤੀਆਂ ਲਈ ਵਖਰਾ ਅੰਮ੍ਰਿਤ-ਬਾਟਾ, ਇਹ ਸਨਾਤਨੀ ਮਰਯਾਦਾ ਬੁਢਾ ਦਲ ਦੀ ਨਿਜ ਕਲਪਤ ਹੈ ਅਤੇ ਸਿਖ ਸਿਧਾਂਤਾਂ ਦੇ

www.AKJ.Org

ਬਿਲਕੁਲ ਉਲਟ ਹੋਣ ਕਰ ਕੇ ਮਨਮਤ ਹੈ।

**ਅਖ਼ੀਰਲਾ ਪੈਰਾ** :—ਤਖ਼ਤ ਸਾਹਿਬ ਤੋਂ ਹੁਕਮ-ਨਾਮੇ ਅਗੇ ਤਿੰਨ ਵਾਰ ਹੀ ਨਹੀਂ, ਕਈ ਵਾਰੀ ਜਾਰੀ ਹੋਏ ਹਨ; ਪਰ ਸਮੁਚੇ ਪੰਥ ਵਲੋਂ, ਕਿਸੇ ਇਕੱਲੇ ਵਿਅਕਤੀ ਵਲੋਂ ਨਹੀਂ। ਤੇ ਨਾ ਕਿਸੇ ਇਕੱਲੇ ਵਿਅਕਤੀ ਨੂੰ ਅਜਿਹਾ ਕਰਨ ਦਾ ਹੱਕ ਹੈ।

ਬਾਬਾ ਸੰਤਾ ਸਿੰਘ ਜੀ ਦੇ ਵਖਿਆਨ ਵਿਚ ਪੰਜ ਪਿਆਰਿਆਂ ਬਾਰੇ ਇਹ ਬਚਨ ਕਹੇ ਮਿਲਦੇ ਹਨ—

"ਅਸੀਂ ਜੋ ਪੰਜ ਪਿਆਰਿਆਂ ਦੇ ਸੰਬੰਧ ਵਿਚ ਕਿਹਾ ਹੈ, ਉਹ ਬਿਲਕੁਲ ਸਹੀ ਹੈ। ਅਸੀਂ ੯੬ ਕਰੋੜੀ ਸ਼੍ਰੋਮਣੀ ਪੰਥ ਅਕਾਲੀ ਬੁਢਾ ਦਲ ਅਤੇ ਪੰਜਵੇਂ ਤਖ਼ਤ ਦੇ ਜਥੇਦਾਰ ਦੀ ਹੈਸੀਅਤ ਵਿਚ ਇਹ ਗੱਲ ਡੰਕੇ ਦੀ ਚੋਟ ਨਾਲ ਕਹਿੰਦੇ ਹਾਂ ਕਿ ਪੰਜ ਪਿਆਰਿਆਂ ਨੇ ਭਾਰੀ ਅਵਗਿਆ ਕੀਤੀ ਹੈ।"

ਪੰਜਾਂ ਪਿਆਰਿਆਂ ਦੀ ਸਿਖ ਧਰਮ ਵਿਚ ਪ੍ਰਧਾ-ਨਤਾ ਮੰਨੀ ਗਈ ਹੈ। ਪੰਜ ਪਿਆਰਿਆਂ ਦੇ ਵਿਰੁਧ ਅਪਮਾਨ ਭਰੇ ਸ਼ਬਦਾਂ ਦੀ ਵਰਤੋਂ ਸਮੁਚੇ ਪੰਥ ਦਾ ਅਪਮਾਨ ਹੈ ਅਤੇ ਬਾਬਾ ਜੀ ਦਾ ਇਹ ਕਰਤੱਵ ਨਿੰਦਨੀਜ ਹੈ।

ਦੂਜੇ ਪਾਸੇ ਇਸ ਸੰਬੰਧੀ ਇਕ ਹੋਰ ਸਿਧਾਂਤਕ ਨੁਕਤਾ ਹੈ। ਤਖ਼ਤ ਸ੍ਰੀ ਹਜ਼ੂਰ ਸਾਹਿਬ ਉਤੇ ਪੰਜ ਪਿਆਰਿਆਂ ਦੀ ਕੀ ਪਦ-ਪਦਵੀ ਹੈ ?

ਹੈਡ ਗ੍ਰੰਥੀ ਸੋਢੀ ਦੀਵਾਨ ਸਿੰਘ ਜੀ ਨੇ ਆਪਣੇ ਭਾਸ਼ਣ ਵਿਚ ਕਿਹਾ—'ਇਥੋਂ ਦੇ ਪੰਜ ਪਿਆਰਿਆਂ ਨੂੰ ਰਾਏ ਦੇਣ ਦਾ ਕੋਈ ਅਧਿਕਾਰ ਨਹੀਂ।" ਜੇ ਅਜਿਹੀ ਹੀ ਸਥਿਤੀ ਹੈ ਤਾਂ ਇਨ੍ਹਾਂ ਨੂੰ ਪੰਜ ਪਿਆਰਿਆਂ ਦੀ ਸੰਗਿਆ ਦੇਣੀ, ਇਸ ਪਾਵਨ ਸੰਸਥਾ ਦਾ ਅਪਮਾਨ ਕਰਨਾ ਹੈ। ਇਸ ਹਾਲਤ ਵਿਚ ਉਨ੍ਹਾਂ ਨੂੰ ਤਖ਼ਤ ਸਾਹਿਬ ਦੀ ਪੰਜ-ਮੈਂਬਰੀ ਸਲਾਹਕਾਰ ਕਮੇਟੀ ਆਖਣਾ ਉਚਿਤ ਹੈ।

ਬਾਬਾ ਸੰਤਾ ਸਿੰਘ ਜੀ ਦੇ ਭਾਸ਼ਣ ਦੇ ਅੰਤਲੇ ਸ਼ਬਦ "ਤਾਂ ਫਿਰ ਅਸੀਂ ਮਜਬੂਰ ਹੋਵਾਂਗੇ, ਦੋਸ਼ ਸਰਕਾਰ ਦਾ ਹੋਵੇਗਾ, **ਸਾਡਾ** ਜਾਂ **ਪੰਥ ਖ਼ਾਲਸੇ** ਦਾ ਜਾਂ **ਪ੍ਰਬੰਧਕਾਂ** ਦਾ ਨਹੀਂ" ਪੜ੍ਹ ਕੇ ਪਰਤੀਤ ਹੁੰਦਾ ਹੈ ਕਿ ਬਾਬਾ ਜੀ ਆਪਣੇ ਆਪ ਨੂੰ ਪੰਥ ਤੋਂ ਵਖ ਤਸਲੀਮ ਕਰਦੇ ਹਨ। ਗੱਲ ਵੀ ਠੀਕ ਏ, ਉਹ ਸੁਲਤਾਨੁਲ ਕੌਮ ਹਨ, ਸਿਖ ਕੌਮ ਉਨ੍ਹਾਂ ਦੀ ਉਮੱਤ ਜੁ ਹੋਈ ? ਇਹ ਹੈ ਇਕ ਪਾਸੇ ਦੀ ਵਿਆਖਿਆ।

ਦੂਜੇ ਪਾਸੇ ਇਹ ਗੱਲ ਵੀ ਪੂਰੀ ਤਹਿ ਤਕ ਜਾ ਕੇ ਵਿਚਾਰਨ ਯੋਗ ਹੈ ਕਿ ਜਿਨ੍ਹਾਂ ਜਿਨ੍ਹਾਂ ਵਿਅਕਤੀਆਂ ਜਾਂ ਸੰਸਥਾਵਾਂ ਨੇ ਬਾਬਾ ਸੰਤਾ ਸਿੰਘ ਜੀ ਨੂੰ ਇਸ ਮਾਮਲੇ ਸੰਬੰਧੀ ਸਾਲਸ ਮੰਨਿਆ, ਕੀ ਉਹ ਜਾਣਦੇ ਨਹੀਂ ਸਨ ਕਿ ਬੁਢਾ ਦਲ ਦੀ ਪਰਚਲਤ ਮਰਯਾਦਾ, ਪੰਥ ਪ੍ਰਮਾਣਿਤ ਮਰਯਾਦਾ ਤੋਂ ਵਿਭਿੰਨ ਹੈ ? ਜੇ ਉਹ ਇਸ ਬਾਰੇ ਜਾਣੂ ਸਨ ਤਾਂ ਉਨ੍ਹਾਂ ਬਾਬਾ ਜੀ ਦੀ ਸਾਲਸੀ ਕੀ ਅੱਛਾਈ ਸਮਝ ਕੇ ਪਰਵਾਨ ਕੀਤੀ ? ਇਨ੍ਹਾਂ ਸਾਰੇ ਵਿਅਕਤੀਆਂ ਜਾਂ ਸੰਸਥਾਵਾਂ ਨੂੰ ਆਪੋ ਆਪਣੀ ਪੁਜ਼ੀਸ਼ਨ ਸਾਫ਼ ਕਰਨ ਲਈ ਮਜਬੂਰ ਕੀਤਾ ਜਾਣਾ ਚਾਹੀਦਾ ਹੈ, ਤਾਕਿ ਅਸਲੀਅਤ ਕੌਮ ਦੇ ਸਾਹਮਣੇ ਆਵੇ ਕਿ ਬਾਬਾ ਜੀ ਨੂੰ ਕਿਸੇ ਨੇ ਸਾਲਸ ਮੰਨਿਆ ਵੀ ਹੈ, ਜਾਂ ਉਹ ਖ਼ੁਦ-ਸਾਖ਼ਤਾ ਹੀ ਸਾਲਸ ਬਣ ਗਏ। ਖ਼ਾਸ ਕਰਕੇ ਸ਼੍ਰੋਮਣੀ ਗੁ: ਪ੍ਰ: ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦਲ ਨੂੰ ਆਪਣੀ ਪੁਜ਼ੀਸ਼ਨ ਫ਼ੌਰਨ ਸਾਫ਼ ਕਰਨੀ ਚਾਹੀਦੀ ਹੈ। ਬੜੇ ਅਚੰਭੇ ਵਾਲੀ ਗੱਲ ਹੈ ਕਿ ਏਨੇ ਗੰਭੀਰ ਮਸਲੇ ਬਾਰੇ ਪੰਥ ਦੀਆਂ ਪ੍ਰਮੁਖ ਸੰਸਥਾਵਾਂ ਦੀ ਮੋਣ-ਮੁੰਦਣ ਅਜੇ ਤਕ ਨਹੀਂ ਖੁਲ੍ਹੀ। ਬਾਕੀ ਤਖ਼ਤ ਸਾਹਿਬਾਂ ਦੇ ਜਥੇਦਾਰ ਵੀ ਅਜੇ ਤਕ ਖ਼ਾਮੋਸ਼ ਹਨ। ਉਹਨਾਂ ਦੇ ਇਸ ਰਵੱਈਏ ਤੋਂ ਕੌਮ ਨੂੰ ਬੜੀ ਮਾਯੂਸੀ ਹੋ ਰਹੀ ਹੈ।

ਇਹ ਪੰਥ ਦਾ ਸਾਂਝਾ ਮਸਲਾ ਹੈ। ਸਾਰੀਆਂ ਪੰਥਕ ਸੰਸਥਾਵਾਂ ਤੇ ਸੰਗਤਾਂ ਦੇ ਚਰਨਾਂ ਵਿਚ ਅਪੀਲ ਹੈ ਕਿ ਸਾਂਝੇ ਪੰਥਕ ਪਲੇਟਫਾਰਮ ਤੇ, ਇਕ-ਮੁੱਠ ਹੋ ਕੇ ਅਜਿਹਾ ਉਪਰਾਲਾ ਕੀਤਾ ਜਾਵੇ ਕਿ ਇਹ ਮਸਲਾ ਵੀ ਨਜਿਠਿਆ ਜਾਵੇ ਅਤੇ ਸਮੁਚੇ ਪੰਥ ਦੀ, ਵਿਸ਼ਵ-ਸੰਸਾਰ ਦੇ ਸਿਖਾਂ ਅਤੇ ਸਿਖ ਸੰਸਥਾਵਾਂ ਲਈ ਇਕ-ਸਾਰ ਮਰਯਾਦਾ ਵੀ ਨਾਲ ਹੀ ਉਲੀਕੀ ਜਾਵੇ, ਤਾਂ ਜੁ ਨਿਤ ਨਿਤ ਦਾ ਇਹ ਟੰਟਾ ਵੀ ਮੁਕ ਜਾਵੇ, ਜੋ ਪੰਥਕ ਏਕਤਾ ਦੇ ਰਸਤੇ ਵਿਚ ਇਕ ਵਡੀ ਰੁਕਾਵਟ ਬਣਿਆ ਹੋਇਆ ਹੈ।

... ... ...



www.AKJ.Org

# (੧) ਸ: ਰਲਾ ਸਿੰਘ ਸਪੈਸ਼ਲ ਅਫ਼ਸਰ ਦੀ ਚਿਠੀ

ਸ੍ਰੀ ਮਾਨ ਜੀ,

ਆਪ ਜੀ ਭਲੀ ਪ੍ਰਕਾਰ ਜਾਣਦੇ ਹੋ ਕਿ ਤਖ਼ਤ ਸੱਚਖੰਡ ਸ੍ਰੀ ਹਜ਼ੂਰ ਸਾਹਿਬ ਨਾਦੇੜ ਦੀ ਪਵਿਤ੍ਰ ਮਰਯਾਦਾ ਅਤੇ ਤਖ਼ਤ ਸਾਹਿਬ ਦੇ ਹੈਡ ਪੁਜਾਰੀ ਸਾਹਿਬ ਭਾਈ ਜੋਗਿੰਦਰ ਸਿੰਘ ਜੀ ਮੋਨੀ ਸਬੰਧੀ ਪੰਥ ਵਿਚ ਚਲ ਰਹੇ ਵਾਦ-ਵਿਵਾਦ ਨੂੰ ਸਮਾਪਤ ਕਰਨ ਅਤੇ ਤਖ਼ਤ ਸਾਹਿਬ ਦੀ ਪਵਿਤ੍ਰ ਮਰਯਾਦਾ ਸਬੰਧੀ ਪੰਥਕ ਨਿਰਣਾ ਲੈਣ ਲਈ ਗੁਰਦੁਆਰਾ ਬੋਰਡ ਵਲੋਂ ੨੭ ਅਕਤੂਬਰ, ੧੯੭੬ ਨੂੰ ਸ੍ਰੀ ਹਜ਼ੂਰ ਸਾਹਿਬ ਵਿਖੇ ਵਿਸ਼ਾਲ ਪੰਥਕ ਕਨਵੈਨਸ਼ਨ ਬੁਲਾਈ ਗਈ ਸੀ। ਪਰੰਤੂ ਸਾਨੂੰ ਇਹ ਲਿਖਦਿਆਂ ਅਤੀ ਪ੍ਰਸੰਨਤਾ ਹੋ ਰਹੀ ਹੈ ਕਿ ਸਿੰਘ ਸਾਹਿਬ ਬਾਬਾ ਸੰਤਾ ਸਿੰਘ ਜੀ ੯੬ ਕਰੋੜੀ ਜਥੇਦਾਰ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਅਤੇ ਜਥੇਦਾਰ ਪੰਜਵਾਂ ਤਖ਼ਤ ਚਲਦਾ ਵਹੀਰ ਜੀ (ਜੋ ਕਿ ਇਸ ਸਾਲ ਦੁਸਹਿਰਾ ਮਨਾਉਣ ਲਈ ਆਪਣੇ ਦਲ ਸਮੇਤ ਸ੍ਰੀ ਹਜ਼ੂਰ ਸਾਹਿਬ ਪੁਜੇ ਸਨ), ਵਲੋਂ ਦੋਹਾਂ ਧਿਰਾਂ ਦੀ ਸੰਮਤੀ ਉਪਰੰਤ ਆਪਣਾ ਯੋਗ ਫੈਸਲਾ ਦਿਤੇ ਜਾਣ ਤੇ ਇਸ ਬਿਖਮ ਸਮਸਿਆ ਦਾ ਨਿਰਣਾ ਹੋ ਗਿਆ ਹੈ। ਕਿਉਂਕਿ ੨੭ ਅਕਤੂਬਰ, ੧੯੭੬ ਨੂੰ ਸ੍ਰੀ ਹਜ਼ੂਰ ਸਾਹਿਬ ਵਿਖੇ ਬੁਲਾਈ ਗਈ ਪੰਥਕ ਕਨਵੈਨਸ਼ਨ ਦਾ ਉਦੇਸ਼ ਵੀ ਉਕਤ ਵਾਦ-ਵਿਵਾਦ ਸਬੰਧੀ ਪੰਥਕ ਨਿਰਣਾ ਲੈਣਾ ਸੀ, ਸੋ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਅਤੇ ਪੰਜਵਾਂ ਤਖ਼ਤ ਦੇ ਜਥੇਦਾਰ ਜੀ ਵਲੋਂ ਫ਼ੈਸਲਾ ਮਿਲਣ ਉਪਰੰਤ ਹੁਣ ਪੰਥਕ ਕਨਵੈਨਸ਼ਨ ਬੁਲਾਣ ਦੀ ਲੋੜ ਬਾਕੀ ਨਹੀਂ ਰਹਿ ਜਾਂਦੀ। ਸੋ ੨੭ ਅਕਤੂਬਰ ਦੀ ਕਨਵੈਨਸ਼ਨ ਅਣ-ਨਿਸਚਤ ਸਮੇਂ ਲਈ ਮੁਲਤਵੀ ਕਰ ਦਿੱਤੀ ਗਈ ਹੈ।

ਪੰਥਕ ਕਨਵੈਨਸ਼ਨ ਦੀ ਸਫਲਤਾ ਲਈ ਆਪ ਜੀ ਵਲੋਂ ਮਿਲੇ ਉਤਸ਼ਾਹ, ਸਹਿਯੋਗ ਅਤੇ ਮਿਲਵਰਤਨ ਲਈ ਅਸੀਂ ਆਪ ਜੀ ਦੇ ਅਤੀ ਧੰਨਵਾਦੀ ਹਾਂ। ੯੬ ਕਰੋੜੀ ਜਥੇਦਾਰ ਜੀ ਦਾ ਇਤਿਹਾਸਕ ਫ਼ੈਸਲਾ ਗਿਆਤ ਅਤੇ ਲੋੜੀਂਦੀ ਕਾਰਵਾਈ ਲਈ ਆਪ ਜੀ ਦੀ ਸੇਵਾ ਵਿਚ ਭੇਜਿਆ ਜਾਂਦਾ ਹੈ।

ਧੰਨਵਾਦ ਸਹਿਤ, ਆਪ ਦਾ ਦਾਸ,

(ਰਲਾ ਸਿੰਘ)

ਸਪੈਸ਼ਲ ਆਫੀਸਰ-ਕਮ-ਸੁਪਰਡੈਂਟ,

ਗੁ: ਬੋਰਡ ਸੱਚਖੰਡ ਸ੍ਰੀ ਹਜ਼ੂਰ ਸਾਹਿਬ

ਨਾਦੇੜ, (ਮਹਾਂਰਾਸ਼ਟਰਾ)

# ੨. ਜਾਰੀ ਕੀਤੇ ਗਏ ਹੁਕਮਨਾਮੇ ਬਾਰੇ ਵਖਿਆਨ

ੴ ਵਾਹਿਗੁਰੂ ਜੀ ਕੀ ਫਤਹਿ ॥

*ਤਖ਼ਤ ਸੱਚਖੰਡ ਸ੍ਰੀ ਹਜ਼ੂਰ ਸਾਹਿਬ ਦੀ ਮਰਯਾਦਾ ਸਬੰਧੀ*

ਪੰਥ ਦੀ ਪ੍ਰਮਾਣੀਕ ਹਸਤੀ, ਪੰਥ ਦੀ ਧਰਮ-ਧੁਜਾ

*ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ ਜਥੇਦਾਰ*

ਸਿੰਘ ਸਾਹਿਬ ਬਾਬਾ ਸੰਤਾ ਸਿੰਘ ਜੀ ੯੬ ਕ੍ਰੋੜੀ ਜਥੇਦਾਰ ਪੰਜਵਾਂ ਤਖ਼ਤ ਚਲਦਾ ਵਹੀਰ

ਵਲੋਂ ਹੁਕਮਨਾਮਾ (ਫ਼ੈਸਲਾ) ਜਾਰੀ ਕਰ ਦਿੱਤਾ ਗਿਆ

ਹੁਕਮਨਾਮੇ ਉਪਰੰਤ ਪੰਥ ਵਿਚ ਚਲ ਰਿਹਾ ਕੋੜਾ ਵਾਦ-ਵਿਵਾਦ ਸਮਾਪਤ ਹੋਵੇਗਾ,

ਅਤੇ ਸਿੱਖ ਜਗਤ ਅੰਦਰ ਖੁਸ਼ੀਆਂ ਤੇ ਖੇੜਿਆਂ ਭਰਿਆ ਵਾਤਾਵਰਨ ਵਾਪਰੇਗਾ।

—ਰਛਪਾਲ ਸਿੰਘ ਬੇਦੀ, ਐਮ. ਸੀ.

ਗੁਰੂ ਖਾਲਸਾ ਜੀਓ,

ਆਪ ਸਭ ਨੂੰ ਇਹ ਪਤਾ ਹੀ ਹੈ ਕਿ ਪਿਛਲੇ ਕਾਫੀ ਸਮੇਂ ਤੋਂ ਅਬਚਲ ਨਗਰ ਸ੍ਰੀ ਹਜ਼ੂਰ ਸਾਹਿਬ ਤਖ਼ਤ ਦੀ ਮਰਯਾਦਾ ਅਤੇ ਹੈਡ ਪੁਜਾਰੀ ਭਾਈ ਜੋਗਿੰਦਰ ਸਿੰਘ ਮੋਨੀ ਜੀ ਬਾਰੇ ਵਾਦ-ਵਿਵਾਦ ਚਲ ਰਿਹਾ ਹੈ। ਇਹ ਵਾਦ-ਵਿਵਾਦ ਇਤਨੇ

www.AKJ.Org

ਨੀਵੇਂ ਪੱਧਰ ਤੇ ਆ ਗਿਆ ਸੀ ਕਿ ਹਰ ਪ੍ਰਾਣੀ ਮਾਤਰ ਗੁਰਸਿੱਖ ਅਤੇ ਚੁਰਾਸੀ ਵੀ ਇਸ ਬਾਰੇ ਗੱਲਾਂ ਹੀ ਨਹੀਂ ਕਰਨ ਲੱਗ ਪਈ ਸੀ, ਸਗੋਂ ਭੈੜੇ ਸ਼ਬਦ ਵਰਤਣੇ ਸ਼ੁਰੂ ਹੋ ਗਏ ਸਨ। ਇਥੇ ਹੀ ਬੱਸ ਨਹੀਂ ਮਹਾਰਾਜ ਦੋ ਜਹਾਨ ਵਾਲੀ ਕਲਗੀਧਰ ਪਿਤਾ ਜੀ ਦੇ ਪਾਵਨ ਦਰਬਾਰ ਦੇ ਸਤਿਕਾਰ ਤੇ ਵੀ ਕਿੰਤੂ ਹੋਣਾ ਆਰੰਭ ਹੋ ਗਿਆ ਸੀ। ਪੰਥ ਦੀ ਇਸ ਅਧੋਗਤੀ ਨੂੰ ਤਕ ਕੇ ਪੰਥ ਦੇ ਸੇਵਕ ਅਥਵਾ ਲੀਡਰਾਂ ਸ: ਗੁਰਚਰਨ ਸਿੰਘ ਜੀ ਟੌਹੜਾ, ਪ੍ਰਧਾਨ ਸ਼੍ਰੋਮਣੀ ਗੁਰਦੁਅਰਾ ਪ੍ਰਬੰਧਕ ਕਮੇਟੀ ਅਤੇ ਸੰਤ ਹਰਚੰਦ ਸਿੰਘ ਜੀ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਨੇ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਪਾਸ ਬੇਨਤੀ ਕੀਤੀ ਤੇ ਕਿਹਾ ਕਿ ਪੰਜਵਾਂ ਤਖ਼ਤ ਦੇ ਜਥੇਦਾਰ ਸਾਹਿਬ ਲਈ ਇਸ ਪਾਸੇ ਧਿਆਨ ਦੇਣਾ ਜ਼ਰੂਰੀ ਹੋ ਗਿਆ ਹੈ। ਆਪ ਸਭ ਜਾਣਦੇ ਹੀ ਹੋ ਕਿ ਜੇ ਇਹੋ ਜਹੀ ਪੰਥ ਵਿਚ ਵਾਪਰੀ ਹਾਲਤ ਨੂੰ ਤੱਕ ਕੇ ਵੀ ਪੰਥ ਦਾ ਸੇਵਕ ਚੁਪ ਸਾਧੀ ਰਖੇ ਤਾਂ ਇਹ ਆਪਣੇ ਕਰਤੱਵ ਦੀ ਢਿਲ ਹੋਵੇਗੀ।

ਇਸ ਲਈ ਪੰਜਵਾਂ ਤਖ਼ਤ ਦੇ ਜਥੇਦਾਰ ਹੋਣ ਦੇ ਨਾਤੇ ਮੇਰਾ ਇਹ ਮੁਖ ਫਰਜ਼ (ਕਰਤੱਵ) ਬਣ ਜਾਂਦਾ ਸੀ ਕਿ ਮੈਂ ਤੁਰੰਤ ਇਸ ਪਾਸੇ ਵਲ ਧਿਆਨ ਦਿੰਦਾ। ਇਨ੍ਹਾਂ ਕਾਰਨਾਂ ਕਰਕੇ ਮੈਂ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ ਚਲਦੇ ਵਹੀਰ ਨੂੰ ਹੁਕਮਨਾਮਾ ਜਾਰੀ ਕੀਤਾ ਕਿ ਉਹ ਸ੍ਰੀ ਅਬਚਲ ਨਗਰ ਸਾਹਿਬ ਨੂੰ ਵਹੀਰ ਘੱਤਣ ਲਈ ਤਿਆਰੇ ਆਰੰਭ ਦੇਣ। ਸਤਿਗੁਰੂ ਕਲਗੀਧਰ ਪਾਤਸ਼ਾਹ ਦੇ ਦਰਬਾਰ ਦੇ ਦਰਸ਼ਨਾਂ ਨੂੰ ਚਾਲੇ ਆਰੰਭ ਦਿਤੇ ਤਾਂ ਕਿ ਅਸੀਂ ਸਾਰੇ ਹਾਲਾਤ ਨੂੰ ਆਪ ਅੱਖੀਂ ਦੇਖ ਸਕੀਏ। ਹੋ ਸਕਦਾ ਹੈ ਕਿ ਕੁਝ ਪੰਥ ਦੋਖੀਆਂ ਨੇ ਹੀ ਐਸੀ ਹਾਲਾਤ ਨਾ ਪੈਦਾ ਕਰ ਦਿੱਤੀ ਹੋਵੇ। ਆਖਰ ਕਲਗੀਧਰ ਸ਼ਹਿਨਸ਼ਾਹ ਜੀ ਦੇ ਹੁਕਮ ਅਨੁਸਾਰ ਚਾਲੇ ਦਾ ਆਰੰਭ ੧ ਸਤੰਬਰ ਨੂੰ ਹਜ਼ੂਰ ਸਾਹਿਬ ਦੀ ਡਿਉੜੀ ਧਮਧਾਣ ਸਾਹਿਬ ਤੋਂ ਹੋਇਆ।

ਦਲ ਪੜਾਉ ਪੜਾਅ ਬੰਬਈ ਪੁਜਾ। ਬੰਬਈ ਦੇ ਸਿੰਘਾਂ ਨੇ ਦਲ ਦਾ ਤੇ ਸੇਵਕ ਦਾ ਜੋ ਸਤਿਕਾਰ ਤੇ ਆਦਰ ਮਾਣ ਲੱਖਾਂ ਹੀ ਸਿੰਘਾਂ ਦੇ ਇਕੱਠ ਵਿਚ ਖਾਲਸਾ ਕਾਲਜ ਬੰਬਈ ਵਿਚ ਬੁੱਢਾ ਦਲ ਦੀ ਪਹੁੰਚ ਤੇ ਕੀਤਾ, ਉਸ ਤੋਂ ਸਾਫ ਪ੍ਰਗਟ ਹੋ ਰਿਹਾ ਸੀ ਕਿ ਸਮੁੱਚਾ ਪੰਥ ਹੀ ਬੁੱਢਾ ਦਲ ਦੇ ਜਥੇਦਾਰ ਜੀ ਦੀ ਉਡੀਕ ਵਿਚ ਲੱਗਾ ਹੋਇਆ ਸੀ। ਬੰਬਈ ਵਿਚ ਸ: ਦਲਬੀਰ ਸਿੰਘ ਜੀ ਬੇਦੀ ਐਕਟਿੰਗ ਪ੍ਰਧਾਨ ਗੁਰਦੁਆਰਾ ਬੋਰਡ ਸੱਚਖੰਡ ਸ੍ਰੀ ਹਜ਼ੂਰ ਸਾਹਿਬ ਨਾਦੇੜ ਦੀ ਅਗਵਾਈ ਵਿਚ ਇਕ ਡੈਪੂਟੇਸ਼ਨ ਮਿਲਿਆ ਜਿਸ ਦੇ ਬੁਲਾਰੇ ਗਿ: ਗੁਰਬਚਨ ਸਿੰਘ ਜੀ ਨਿਧੜਕ ਮੈਂਬਰ ਗੁਰਦੁਆਰਾ ਬੋਰਡ ਨਾਂਦੇੜ ਨੇ ਸਪਸ਼ਟੀਕਰਨ ਕਰਦੇ ਹੋਏ ਅੰਤ ਵਿਚ ਕਿਹਾ ਕਿ ਅਸੀਂ ਆਪ ਜੀ ਦੀ ਉਡੀਕ ਕਰ ਰਹੇ ਸਾਂ। ਤੁਸੀਂ ਆਣ ਪਹੁੰਚੇ ਹੋ ਤੇ ਅਸੀਂ ਸਾਰੇ ਹਾਲਾਤ ਦੱਸ ਦਿਤੇ ਹਨ। ਆਪ ਜੀ ਪੰਥ ਦੀ ਧਰਮ ਧੁਜਾ ਹੋ ਤੇ ਸਾਰੀ ਜ਼ਿੰਮੇਂਵਾਰੀ ਆਪ ਤੇ ਹੀ ਹੈ। ਇਸ ਲਈ ਅਸੀਂ ਆਪ ਪਾਸ ਬੇਨਤੀ ਕਰਕੇ ਇਸ ਵਾਦ-ਵਿਵਾਦ ਨੂੰ ਅੱਜ ਤੋਂ ਬੰਦ ਕਰਦੇ ਹਾਂ। ਜੋ ਫ਼ੈਸਲਾ ਤੁਸੀਂ ਪੰਜਵੇਂ ਤਖ਼ਤ ਵਲੋਂ ਪੰਥ ਦੀ ਧਰਮ ਧੁਜਾ ਹੋਣ ਨਾਤੇ ਦਿਓਗੇ, ਅਸੀਂ ਉਸ ਨੂੰ ਪ੍ਰਵਾਨ ਕਰਾਂਗੇ। ਮੁਕਦੀ ਗੱਲ ਸ਼੍ਰੋਮਣੀ ਪੰਥ ਅਕਾਲੀ ਦਲ ਪੰਜਵਾਂ ਤਖ਼ਤ ਸ੍ਰੀ ਹਜ਼ੂਰ ਸਾਹਿਬ ਪੁੱਜਾ। ਬੋਰਡ ਤੇ ਸਾਰੇ ਹਜ਼ੂਰੀ ਸਿੰਘਾਂ ਨੇ ਦਲ ਦਾ ਸਵਾਗਤ ਬੜੇ ਸੁਹਾਵਣੇ ਢੰਗ ਨਾਲ ਕੀਤਾ।

ਸ: ਜੋਗਿੰਦਰ ਸਿੰਘ ਜੀ ਮੋਨੀ ਛੁੱਟੀ ਤੇ ਗਏ ਹੋਏ ਸਨ। ਉਹ ਛੁੱਟੀ ਕੈਂਸਲ ਕਰਕੇ ਸਤਾਈ ਤਾਰੀਖ਼ ਨੂੰ ਬੁੱਢਾ ਦਲ ਦੀ ਛਾਉਣੀ ਆਪਣੇ ਪੰਜ ਪਿਆਰਿਆਂ ਤੇ ਭਾਈ ਕੰਚਨ ਸਿੰਘ ਸਮੇਤ ਪੁਜੇ। ਮੋਨੀ ਜੀ ਨੇ ਕਿਹਾ ਕਿ "ਸਾਨੂੰ ਇਲਹਾਮ ਹੋਇਆ ਸੀ ਕਿ ਕਲਗੀਧਰ ਪਿਤਾ ਜੀ ਤੁਹਾਨੂੰ ਇਸ ਪੰਥ ਦੀ ਫੁਟ ਮਿਟਾਉਣ ਲਈ ਘੱਲ ਰਹੇ ਹਨ। ਤੁਸੀਂ ਆ ਪਹੁੰਚੇ ਹੋ। ਅੱਜ ਵੀ ਜੋ ਮਰਯਾਦਾ ਇਥੇ ਚਲ ਰਹੀ ਹੈ, ਉਹ ਬੁੱਢਾ ਦਲ ਦੀ ਚਲਾਈ ਹੋਈ ਹੈ। ਇਸ ਵਿਚ ਜੇ ਕੋਈ ਤੁਸੀਂ ਵਾਧਾ ਘਾਟਾ ਜਾਂ ਸੋਧ ਕਰਨੀ ਚਾਹੋ, ਅਸੀਂ ਖਿੱੜੇ ਮੱਥੇ ਪ੍ਰਵਾਨ ਕਰਾਂਗੇ। ਤੇ ਅੱਗੇ ਤੋਂ ਉਹ ਮਰਯਾਦਾ ਤਖ਼ਤ ਸਾਹਿਬ ਤੇ ਸ਼ੁਰੂ ਕਰ ਦਿੱਤੀ ਜਾਵੇਗੀ। ਮੋਨੀ



www.AKJ.Org

ਜੀ ਦੇ ਨਾਲ ਆਏ ਹੋਏ ਪੰਜਾਂ ਪਿਆਰਿਆਂ ਵਿਚੋਂ ਸ: ਦੀਵਾਨ ਸਿੰਘ ਜੀ ਸੋਢੀ ਨੇ ਆਗਿਆ ਲੈ ਕੇ ਬੋਲਦੇ ਹੋਏ ਕਿਹਾ ਕਿ ਮੈਂ ਆਪ ਜਥੇਦਾਰ ਸਾਹਿਬ ਜੀ ਨੂੰ ਜੀ ਆਇਆਂ ਕਹਿੰਦਾ ਹੋਇਆ ਇਹ ਦ੍ਰਿੜ੍ਹ ਵਿਸ਼ਵਾਸ ਦੁਆਉਂਦਾ ਹਾਂ ਕਿ ਇਹ ਮਰਯਾਦਾ ਆਪ ਦੇ ਬਜ਼ੁਰਗਾਂ ਦੀ ਚਲਾਈ ਹੋਈ ਹੈ ਅਤੇ ਇਸ ਵਿਚ ਜੋ ਸੋਧ ਤੁਸੀਂ ਕਰੋਗੇ, ਅਸੀਂ ਉਸ ਨੂੰ ਬਾਖੁਸ਼ੀ ਪ੍ਰਵਾਨ ਕਰਾਂਗੇ ।

ਗੁਰਦੁਆਰਾ ਬੋਰਡ ਦੇ ਐਕਟਿੰਗ ਪ੍ਰਧਾਨ ਹਾਜ਼ਰ ਨਹੀਂ ਸਨ, ਉਹ ਮੁੜ ਉਚੇਚੇ ਤੌਰ ਤੇ ਪੁਜੇ ਤੇ ਉਹਨਾਂ ਨੇ ਜੋ ਕਿੰਤੂ ਪੰਥ ਵਲੋਂ ਬੋਰਡ ਪਾਸ ਸਮੇਂ ਸਮੇਂ ਪੁਜਦੇ ਰਹੇ ਸਨ, ਸਾਰੇ ਹੀ ਸਾਡੇ ਪਾਸ ਲਿਖਤੀ ਤੌਰ ਤੇ ਸ: ਰਲਾ ਸਿੰਘ ਸਪੈਸ਼ਲ ਆਫੀਸਰ ਦੇ ਨਾਲ ਲੈ ਕੇ ਹਾਜ਼ਰ ਕੀਤੇ ਤੇ ਨਾਲ ਹੀ ਇਹ ਲਿਖ ਕੇ ਦਿੱਤਾ ਕਿ ਜੋ ਫ਼ੈਸਲਾ ਤੁਸੀਂ ਪੰਜਵੇਂ ਤਖ਼ਤ ਦੇ ਜਥੇਦਾਰ ਹੋਣ ਦੇ ਨਾਤੇ ਦਿਉਗੇ, ਸਮੁੱਚਾ ਪੰਥ ਤੇ ਬੋਰਡ ਉਸ ਮਰਯਾਦਾ ਨੂੰ ਪ੍ਰਵਾਨ ਕਰੇਗਾ ਤੇ ਅਸੀਂ ਉਹੀ ਮਰਯਾਦਾ ਬੋਰਡ ਵਲੋਂ ਅਗਲੇ ਸਮੇਂ ਲਈ ਚਲਾਵਾਂਗੇ।

ਹੈਡ ਪੁਜਾਰੀ ਮੋਨੀ ਜੋਗਿੰਦਰ ਸਿੰਘ ਜੀ ਨੇ ਮਰਯਾਦਾ ਦਾ ਖਰੜਾ ਲਿਖ ਕੇ ਭੇਜਿਆ। ਪਰੰਤੂ ਜੋ ਸਬਦ ਤੇ ਪ੍ਰਣ ਉਨ੍ਹਾਂ ਜ਼ਬਾਨੀ ਦੁਹਰਾਇਆ ਸੀ ਤੇ ਜਿਸ ਦੀ ਪ੍ਰੋੜ੍ਹਤਾ ਖੁਲ੍ਹੇ ਦੀਵਾਨ ਵਿਚ ਮਾਤਾ ਸਾਹਿਬ ਦੇਵਾਂ ਜੀ ਦੇ ਅਸਥਾਨ ਦਾ ਨੀਂਹ ਪੱਥਰ ਰੱਖਣ ਸਮੇਂ ਲੈਕਚਰ ਦਿੰਦੇ ਹੋਏ ਹੈਡ ਪੁਜਾਰੀ ਜੀ ਤੇ ਪੰਜ ਪਿਆਰਿਆਂ ਵਲੋਂ ਸੋਢੀ ਦੀਵਾਨ ਸਿੰਘ ਜੀ ਹੈਡ ਗ੍ਰੰਥੀ ਤਖ਼ਤ ਸਾਹਿਬ ਨੇ ਕੀਤੀ ਸੀ, ਉਹ ਲਿਖ ਕੇ ਦੇਣ ਤੋਂ ਇਨਕਾਰੀ ਹੋ ਗਏ, ਅਥਵਾ ਆਪਣੇ ਬਚ਼ਨ ਤੋਂ ਮੁਕਰ ਗਏ। ਮੋਨੀ ਜੀ ਸਾਡੇ ਪਾਸ ੨੮ ਤਾਰੀਖ ਨੂੰ ਮੁੜ ਆਏ ਤੇ ਪੰਜ ਤਾਰੀਖ ਫ਼ੈਸਲੇ ਲਈ ਨੀਯਤ ਕੀਤੀ, ਪਰੰਤੂ ਫਿਰ ਇਕ ਦਿਨ ਹੋਰ ਮੰਗਿਆ ਕਿ ਖਰੜਾ ਤਿਆਰ ਕਰਨਾ ਹੈ। ੬ ਅਕਤੂਬਰ ਨੂੰ ਦੋ ਵਜੇ ਦਾ ਸਮਾਂ ਫੈਜਲੇ ਲਈ ਨੀਯਤ ਹੋਇਆ, ਲਿਖਤੀ ਖਰੜਾ ਜਿਸ ਵਿਚ ਕਿੰਤੂ ਸਨ, ਸ: ਦਲਬੀਰ ਸਿੰਘ ਜੀ ਬੇਦੀ ਐਕਟਿੰਗ ਪ੍ਰਧਾਨ ਗੁਰਦੁਆਰਾ ਬੋਰਡ ਨਾਂਦੇੜ ਨੇ ਸ: ਰਲਾ ਸਿੰਘ ਜੀ ਨਾਲ ਹਾਜ਼ਰ ਹੋ ਕੇ ਦਿੱਤਾ ਤੇ ਤਖ਼ਤ ਸਾਹਿਬ ਪਹੁੰਚਣ ਦਾ ਇਕਰਾਰ ਕੀਤਾ । ਪਰੰਤੂ ਮੋਨੀ ਸਾਹਿਬ ਵਲੋਂ ਉਹ ਪ੍ਰਣ ਮਰਯਾਦਾ ਖਰੜੇ ਨਾਲ ਲਿਖਤੀ ਰੂਪ ਵਿਚ ਨਾ ਦੁਹਰਾਇਆ ਗਿਆ। ਮੋਨੀ ਜੀ ਦੇ ਸੈਕਟਰੀ ਸਾਹਿਬ ਨੂੰ ਅਸਾਂ ਸ ਰਛਪਾਲ ਸਿੰਘ ਜੀ ਬੇਦੀ ਨਾਲ ਉਹਨਾਂ ਦੀ ਕਾਰ ਵਿਚ ਵਾਪਸ ਘਲਿਆ ਕਿ ਤਿੰਨ ਵਜ ਗਏ ਹਨ, ਸੰਗਤ ਉਡੀਕ ਕਰ ਰਹੀ ਹੋਏਗੀ। ਤੁਸੀਂ ਇਹ ਸ਼ਬਦ ਜੋ ਆਪ ਐਲਾਨੀਆਂ ਕਹੇ ਤੇ ਦੀਵਾਨ ਵਿਚ ਦੋਹਰਾਏ ਹਨ ਕਿ ਅਸੀਂ ਜਥੇਦਾਰ ਪੰਜਵਾਂ ਤਖ਼ਤ ਦਾ ਫ਼ੈਸਲਾ ਪ੍ਰਵਾਨ ਕਰਾਂਗੇ, ਇਸ ਖਰੜੇ ਹੇਠਾਂ ਲਿਖ ਦਿਓ। ਪਰੰਤੂ ਉਹਨਾਂ ਦਾ ਸਕੱਤਰ ਬੇਦੀ ਸਾਹਿਬ ਦੇ ਨਾਲ ਵਾਪਸ ਪਰਤ ਆਇਆ ਤੇ ਕਿਹਾ ਕਿ ਮੋਨੀ ਜੀ ਤੇ ਪੰਜ ਪਿਆਰੇ ਇਹ ਲਿਖ ਕੇ ਦੇਣ ਲਈ ਤਿਆਰ ਨਹੀਂ ਹਨ। ਸ: ਰਛਪਾਲ ਸਿੰਘ ਜੀ ਬੇਦੀ ਨੇ ਇਹ ਵੀ ਦਸਿਆ ਕਿ ਮੋਨੀ ਜੀ ਕਹਿੰਦੇ ਹਨ ਕਿ ਤੁਸੀਂ ਫ਼ੈਸਲਾ ਦਿਉਗੇ, ਅਸੀਂ ਆਪਣੇ ਪੰਥ (ਹਜ਼ੂਰੀ ਖਾਲਸਾ) ਦੇ ਸਾਹਮਣੇ ਰਖਾਂਗੇ ਅਤੇ ਜੇਕਰ ਉਹ ਪ੍ਰਵਾਨ ਕਰੇਗਾ ਤਾਂ ਸਾਨੂੰ ਵੀ ਪ੍ਰਵਾਨ ਹੋਵੇਗਾ। ਅਸਾਂ ਵਹੀਰ ਸਮੇਤ ਤਖ਼ਤ ਸਾਹਿਬ ਤੇ ਫ਼ੈਸਲਾ ਦੇਣ ਲਈ ਚਾਲੇ ਪਾ ਦਿਤੇ।

੬-੧੦-੧੯੭੬ ਨੂੰ ਸ਼ਾਮ ਦੇ ਤਕਰੀਬਨ ਸਾਢੇ ਚਾਰ ਵਜੇ ਤਖਤ ਸੱਚਖੰਡ ਸਾਹਿਬ ਉਪਰ ਤਖ਼ਤ ਸਾਹਿਬ ਦੀ ਮਰਯਾਦਾ ਦੇ ਸਬੰਧ ਵਿਚ ਭਾਰੀ ਇਕੱਤ੍ਰਤਾ ਹੋਈ, ਜਿਸ ਵਿਚ ਜਥੇਦਾਰ ਸੰਤਾ ਸਿੰਘ ਜੀ ੯੬ ਕਰੋੜੀ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਆਪਣੇ ਖਾਲਸਾ ਦਲ ਸਹਿਤ, ਤਖ਼ਤ ਸਾਹਿਬ ਦੇ ਪੰਜ ਪਿਆਰੇ ਸਾਹਿਬਾਨ, ਹਜ਼ੂਰੀ ਤੇ ਦੂਸਰੀ ਸੰਗਤ ਭਾਰੀ ਗਿਣਤੀ ਵਿਚ ਸੁਸ਼ੋਭਿਤ ਸੀ। ਸ: ਰਛਪਾਲ ਸਿੰਘ ਜੀ ਬੇਦੀ ਨੇ ਆਰੰਭ ਦੀ ਤਕਰੀਰ ਕਰਦੇ ਹੋਏ ਕਿਹਾ ਕਿ ਇਸ ਸਮੇਂ ਤਖ਼ਤ ਸਾਹਿਬ ਦੀ ਮਰਯਾਦਾ ਦੇ ਸਬੰਧ ਵਿਚ ਜੋ ਵਾਦ-ਵਿਵਾਦ ਚਲ ਰਿਹਾ ਹੈ, ਉਸ ਨੂੰ ਖ਼ਤਮ ਕਰਨ ਲਈ ਜਥੇਦਾਰ ਸੰਤਾ ਸਿੰਘ ਜੀ ੯੬



www.AKJ.Org

ਕਰੋੜੀ ਪੰਥ ਖਾਲਸਾ ਬੁਢਾ ਦਲ ਪੰਜਵਾਂ ਤਖ਼ਤ ਆਪਣੇ ਖਾਲਸਾ ਦਲ ਸਹਿਤ ਹਾਜ਼ਰ ਹੋਏ ਹਨ ਅਤੇ ਆਸ ਹੈ ਕਿ ਇਨ੍ਹਾਂ ਦੇ ਸਾਲਸੀ ਫ਼ੈਸਲੈ ਦੇ ਨਾਲ ਇਹ ਵਾਦ-ਵਿਵਾਦ ਸਮਾਪਤ ਹੋ ਜਾਏਗਾ। ਸਾਡੀ ਇਹੋ ਹੀ ਭਾਵਨਾ ਹੈ ਕਿ ਫੈਸਲਾ ਅਮਨ ਤੇ ਸ਼ਾਂਤੀ ਨਾਲ ਹੋ ਸਕੇ। ਗੁਰਦੁਆਰਾ ਬੋਰਡ ਨੇ ਤਾਂ ਸਾਨੂੰ ਲਿਖ ਕੇ ਦਿਤਾ ਹੈ ਕਿ ਜਥੇਦਾਰ ਜੀ ਜੋ ਫੈਸਲਾ ਦੇਣਗੇ, ਉਹ ਉਹਨਾਂ ਨੂੰ ਮਨਜ਼ੂਰ ਹੋਵੇਗਾ। ਤਖ਼ਤ ਸਾਹਿਬ ਦੇ ਪੰਜ ਪਿਆਰੇ ਸਾਹਿਬਾਨ ਨੇ ਵੀ ਸਾਨੂੰ ਅਜਿਹਾ ਹੀ ਲਿਖ ਕੇ ਦੇਣ ਲਈ ਕਿਹਾ ਸੀ, ਪਰੰਤੂ ਲਿਖ ਕੇ ਨਹੀਂ ਦਿਤਾ। ਜੇਕਰ ਉਹ ਵੀ ਸਾਨੂੰ ਲਿਖਤੀ ਰੂਪ ਵਿਚ ਦੇ ਦਿੰਦੇ ਕਿ ਅਸੀਂ ਜਥੇਦਾਰ ਜੀ ਦੇ ਫੈਸਲੇ ਨੂੰ ਸਵੀਕਾਰ ਕਰਾਂਗੇ ਤਾਂ ਵਧੇਰੇ ਚੰਗਾ ਹੁੰਦਾ। ਅਤੇ ਜਥੇਦਾਰ ਜੀ ਨੂੰ ਆਪਣਾ ਫ਼ੈਸਲਾ ਦੇਣ ਵਿਚ ਆਸਾਨੀ ਹੁੰਦੀ।

ਇਸਦੇ ਪਿਛੋਂ ਜਥੇਦਾਰ ਸੰਤਾ ਸਿੰਘ ਜੀ ਨੇ ਸੰਗਤ ਨੂੰ ਮੁਖਾਤਿਬ ਹੁੰਦੇ ਹੋਏ ਕਿਹਾ ਕਿ ੯੬ ਕ੍ਰੋੜੀ ਪੰਥ ਅਕਾਲੀ ਬੁੱਢਾ ਦਲ ਪੰਜਵਾਂ ਤਖ਼ਤ ਜਿਸਦੇ ਕਿ ਅਸੀਂ ਜਥੇਦਾਰ ਹਾਂ, ਨੂੰ ਸਮੂਹ ਸਿੱਖ ਜਗਤ ਮੰਨਦਾ ਹੈ। ਇਥੋਂ ਤਕ ਕਿ ਸ਼੍ਰੋਮਣੀ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦਲ ਨੇ ਵੀ ਸਾਡੀ ਪ੍ਰਮਾਣੀਕਤਾ ਨੂੰ ਮੰਨਿਆ ਹੋਇਆ ਹੈ। ਅਸੀਂ ਜੋ ਵੀ ਫ਼ੈਸਲੇ ਅਜ ਤਕ ਦਿਤੇ ਹਨ, ਗੁਰਮਤ ਦੇ ਅਨੁਸਾਰ ਹੀ ਦਿਤੇ ਹਨ ਅਤੇ ਅਗਾਂਹ ਤੋਂ ਵੀ ਗੁਰਮਤ ਦੇ ਅਨੁਸਾਰ ਹੀ ਫ਼ੈਸਲੇ ਦਿਆਂਗੇ। ਪੰਥ ਖਾਲਸਾ ਬੁੱਢਾ ਦਲ ਗੁਰਮਤ ਨੂੰ ਕਦੇ ਵੀ ਤਿਆਗ ਨਹੀਂ ਸਕਦਾ। ਅਤੇ ਅੱਜ ਜੋ ਸਾਡੇ ਸਾਹਮਣੇ ਤਖ਼ਤ ਸਾਹਿਬ ਸਚਖੰਡ ਸਾਹਿਬ ਦੀ ਮਰਯਾਦਾ ਦਾ ਪ੍ਰਸ਼ਨ ਪੈਦਾ ਹੋਇਆ ਹੈ, ਇਸ ਦੇ ਬਾਰੇ ਵੀ ਗੁਰਦੁਆਰਾ ਬੋਰਡ ਵਲੋਂ ਅਤੇ ਤਖ਼ਤ ਸਾਹਿਬ ਦੇ ਪੰਜ ਪਿਆਰੇ ਸਾਹਿਬਾਨ ਵਲੋਂ **ਬੇਨਤੀ** ਹੋਈ ਸੀ ਕਿ ਅਸੀਂ ਆਪਣਾ ਫ਼ੈਸਲਾ ਦੇ ਕੇ ਜਾਈਏ। ਇਥੋਂ ਦੀ ਜੋ ਮਰਯਾਦਾ ਹੈ, ਉਹ ਸਾਡੇ ਦਲ ਦੀ ਮਰਯਾਦਾ ਨਾਲ ਕੁਝ ਨਾ ਕੁਝ ਮਿਲਦੀ ਹੈ, ਪਰੰਤੂ ਫਿਰ ਵੀ ਇਸ ਵਿਚ ਜੋ ਅੰਤਰ ਆ ਗਏ ਹਨ, ਜਾਂ ਜੋ ਤਰੁਟੀਆਂ ਹਨ, ਉਹਨਾਂ ਦੀ ਸੁਧਾਈ ਦੀ ਅਵਸ਼ਕਤਾ ਅਨੁਭਵ ਹੋ ਰਹੀ ਹੈ ਅਤੇ ਅਸੀਂ ਇਸ ਦਾ ਫੈਸਲਾ ਦੇਣਾ ਹੈ। ਅਸੀਂ ਪਿਛਲੇ ੬-੭ ਦਿਨਾਂ ਤੋਂ ਇਸ ਮਾਮਲੇ ਨਾਲ ਸਬੰਧਤ ਰਹੇ ਹਾਂ। ਗੁਰਦੁਆਰਾ ਬੋਰਡ ਨੇ ਤਾਂ ਸਾਨੂੰ ਇਹ ਲਿਖ ਕੇ ਦੇ ਦਿਤਾ ਹੈ ਕਿ ਜਥੇਦਾਰ ਜੀ ਜੋ ਫ਼ੈਸਲਾ ਦੇਣਗੇ, ਉਹ ਉਹਨਾਂ ਨੂੰ ਪ੍ਰਵਾਨ ਹੋਵੇਗਾ। ਪਰੰਤੂ ਅਫਸੋਸ ਹੈ ਕਿ ਇਥੋਂ ਦੇ ਪੰਜ ਪਿਆਰੇ ਸਾਹਿਬਾਨ ਵੀ ਅਜਿਹਾ ਵਾਹਦਾ ਕਰਕੇ ਆਪਣੇ ਬਚਨ ਤੋਂ ਫਿਰ ਗਏ ਹਨ। ਉਹਨਾਂ ਨੂੰ ਵੀ ਆਪਣੀ ਵਲੋਂ ਲਿਖਤ ਰੂਪ ਵਿਚ ਪ੍ਰਵਾਨਗੀ ਦੇ ਦੇਣੀ ਚਾਹੀਦੀ ਸੀ ਕਿ ਅਸੀਂ ਜਥੇਦਾਰ ਜੀ ਦੇ ਫ਼ੈਸਲੇ ਨੂੰ ਪ੍ਰਵਾਨ ਕਰਾਂਗੇ। ਜੇ ਪੰਜ ਪਿਆਰੇ ਹੀ ਬਚਨ ਕਰਕੇ ਉਸ ਦੇ ਪਾਬੰਦ ਨਹੀਂ ਰਹਿੰਦੇ ਤਾਂ ਇਸ ਤੋਂ ਵਧ ਕੇ ਅਫਸੋਸਨਾਕ ਗੱਲ ਕੀ ਹੋ ਸਕਦੀ ਹੈ। ਗੁਰੂ ਜੀ ਦਾ ਫੁਰਮਾਨ ਹੈ:

'ਬਚਨ ਕਰੇ ਅਰ ਖਿਸਕ ਜਾਇ, ਸੋਈ ਨਰ ਕੱਚਾ।'

ਅਸੀਂ ਇਥੇ ਕੋਈ ਮੋਰਚਾ ਲਗਾਣ ਲਈ ਨਹੀਂ ਆਏ, ਸਗੋਂ ਵਾਦ-ਵਿਵਾਦ ਨੂੰ ਖਤਮ ਕਰਨ ਲਈ ਆਏ ਹਾਂ। ਅਤੇ ਉਮੀਦ ਹੈ ਕਿ ਸਾਡੇ ਫੈਸਲੇ ਨਾਲ ਅਮਨ ਤੇ ਸ਼ਾਂਤੀ ਸਥਾਪਤ ਹੋਵੇਗੀ ਅਤੇ ਮਰਯਾਦਾ ਵਿਚ ਜੋ ਖਾਮੀਆਂ ਹਨ, ਉਹ ਦੂਰ ਹੋ ਸਕਣਗੀਆਂ। ਅਸੀਂ ਅੱਜ ਆਪਣਾ ਫ਼ੈਸਲਾ ਇਥੇ ਹੀ ਸੁਨਾਉਣਾ ਸੀ, ਪਰੰਤੂ ਕਿਉਂਕਿ ਪੰਜ ਪਿਆਰੇ ਹੀ ਲਿਖ ਕੇ ਆਪਣੀ ਪ੍ਰਵਾਨਗੀ ਨਹੀਂ ਦੇ ਸਕੇ, ਜਿਵੇਂ ਕਿ ਗੁਰਦੁਆਰਾ ਬੋਰਡ ਨੇ ਕੀਤਾ ਹੈ, ਇਸ ਕਰਕੇ ਹੁਣ ਅਸੀਂ ਆਪਣਾ ਫੈਸਲਾ ਲਿਖਤ ਰੂਪ ਵਿਚ ਦਿਆਂਗੇ, ਜਿਸ ਦੀ ਨਕਲ ਸਰਕਾਰ ਅਤੇ ਗੁਰਦੁਆਰਾ ਬੋਰਡ ਨੂੰ ਦਿੱਤੀ ਜਾਵੇਗੀ। ਅਤੇ ਇਹ ਫੈਸਲਾ ਲਾਗੂ ਕਰਵਾਉਣ ਦੀ ਪੂਰੀ ਜ਼ਿੰਮੇਂਵਾਰੀ ਸਰਕਾਰ ਤੇ ਰਹੇਗੀ।

ਜਥੇਦਾਰ ਸੰਤਾ ਸਿੰਘ ਜੀ ਦੇ ਮਗਰੋਂ ਹੈਡ ਪੁਜਾਰੀ ਜੋਗਿੰਦਰ ਸਿੰਘ ਜੀ ਨੇ ਕਿਹਾ ਕਿ ਅਸੀਂ ੯੬ ਕ੍ਰੋੜੀ ਪੰਥ ਅਕਾਲੀ ਬੁੱਢਾ ਦਲ ਦੇ ਜਥੇਦਾਰ ਜੀ ਦਾ ਆਦਰ ਮਾਣ ਕਰਦੇ ਹਾਂ ਅਤੇ ਇਹਨਾਂ ਦਾ ਫ਼ੈਸਲਾ



www.AKJ.Org

ਮੰਨਣ ਲਈ ਤਿਆਰ ਹਾਂ। ਜੇਕਰ ਸਾਡੇ ਪਾਸੋਂ ਕੋਈ ਭੁੱਲ ਹੋ ਗਈ ਹੋਵੇ ਤਾਂ ਉਸ ਨੂੰ ਖਿਮਾਂ ਕਰਨ। ਤਖ਼ਤ ਸਾਹਿਬ ਦੀ ਮਰਯਾਦਾ ਬਹੁਤ ਸ਼੍ਰੋਮਣੀ ਹੈ, ਪਰੰਤੂ ਫਿਰ ਵੀ ਸਮੇਂ ਅਨੁਸਾਰ ਇਸ ਵਿਚ ਤਬਦੀਲੀਆਂ ਹੁੰਦੀਆਂ ਰਹੀਆਂ ਹਨ ਅਤੇ ਹੋ ਸਕਦੀਆਂ ਹਨ। ਫਿਰ ਵੀ ਇਸ ਦੇ ਲਈ ਪੰਥ ਦੀ ਪ੍ਰਵਾਨਗੀ ਲੈਣੀ ਚਾਹੀਦੀ ਹੈ। ਜਥੇਦਾਰ ਸੰਤਾ ਸਿੰਘ ਜੀ ਇਥੋਂ ਦੀ ਮਰਯਾਦਾ ਦੇ ਸਬੰਧ ਵਿਚ ਆਪਣਾ ਯੋਗ ਫ਼ੈਸਲਾ ਦੇਣ ਆਏ ਹਨ, ਪਰੰਤੂ ਅਸੀਂ ਇਹ ਫ਼ੈਸਲਾ ਆਪਣੇ ਪੰਥ ਦੀ ਰਾਇ ਦੇ ਮਗਰੋਂ ਹੀ ਮੰਨ ਸਕਦੇ ਹਾਂ। ਕਿਉਂਕਿ ਅਸੀਂ ਹਜ਼ੂਰੀ ਸੰਗਤ ਦੀ ਆਗਿਆ ਤੋਂ ਬਿਨਾਂ ਕੁਝ ਨਹੀਂ ਕਰ ਸਕਦੇ।

ਉਪਰੰਤ ਹੈਡ ਗ੍ਰੰਥੀ ਸੋਢੀ ਦੀਵਾਨ ਸਿੰਘ ਜੀ ਨੇ ਵੀ ਇਹ ਹੀ ਕਿਹਾ ਕਿ ਪੰਥ ਅਕਾਲੀ ਬੁੱਢਾ ਦਲ ਦੇ ਜਥੇਦਾਰ ਬਾਬਾ ਸੰਤਾ ਸਿੰਘ ਜੀ ਇਥੋਂ ਦੀ ਮਰਯਾਦਾ ਦੇ ਸਬੰਧ ਵਿਚ ਆਪਣਾ ਫੈਸਲਾ ਦੇਣ ਆਏ ਹਨ, ਪਰੰਤੂ ਇਕ ਗੱਲ ਹੈ ਕਿ ਜਥੇਦਾਰ ਜੀ ਨੇ ਪੰਜ ਪਿਆਰਿਆਂ ਤੇ ਜੋ ਦੂਸ਼ਣ ਲਗਾਇਆ ਹੈ, ਉਹ ਠੀਕ ਨਹੀਂ ਹੈ। ਇਥੋਂ ਦੇ ਪੰਜ ਪਿਆਰਿਆਂ ਨੂੰ ਆਪਣੀ ਰਾਇ ਦੇਣ ਦਾ ਕੋਈ ਅਧਿਕਾਰ ਨਹੀਂ ਹੈ। ਪੰਜ ਪਿਆਰੇ ਹਜ਼ੂਰੀ ਸੰਗਤ ਦੀ ਆਗਿਆ ਤੋਂ ਬਿਨਾਂ ਕੋਈ ਵੀ ਫ਼ੈਸਲਾ ਨਹੀਂ ਦੇ ਸਕਦੇ। ਜੇਕਰ ਅਸੀਂ ਜਥੇਦਾਰ ਜੀ ਨੂੰ ਇਹ ਲਿਖ ਕੇ ਦਿੰਦੇ ਕਿ ਸਾਨੂੰ ਇਹਨਾਂ ਦਾ ਫ਼ੈਸਲਾ ਪ੍ਰਵਾਨ ਹੋਵੇਗਾ ਅਤੇ ਮਗਰੋਂ ਹਜ਼ੂਰੀ ਸੰਗਤ ਇਸ ਫ਼ੈਸਲੇ ਨੂੰ ਪ੍ਰਵਾਨ ਨਾ ਕਰਦੀ ਤਾਂ ਇਸ ਵਿਚ ਜਥੇਦਾਰ ਸੰਤਾ ਸਿੰਘ ਜੀ ਦੇ ਅਪਮਾਨ ਵਾਲੀ ਗੱਲ ਸੀ। ਇਸੇ ਲਈ ਹੀ ਅਸੀਂ ਇਹਨਾਂ ਨੂੰ ਅਜੇਹਾ ਲਿਖ ਕੇ ਨਹੀਂ ਦਿੱਤਾ।

ਇਸ ਦੇ ਪਿਛੋਂ ਮੀਤ ਪੁਜਾਰੀ ਗਿਆਨੀ ਮੋਹਨ ਸਿੰਘ ਜੀ ਨੇ ਕਿਹਾ ਕਿ ਪੰਜ ਪਿਆਰੇ ਅਤੇ ਜਥੇਦਾਰ ਜੀ ਮਿਲਕੇ ਕੋਈ ਫ਼ੈਸਲਾ ਕਰਨ ਤਾਂ ਚੰਗਾ ਹੋਵੇਗਾ। ਇਹ ਗੱਲ ਨਹੀਂ ਕਿ ਮਰਯਾਦਾ ਬਦਲ ਨਹੀਂ ਸਕਦੀ, ਪਹਿਲਾਂ ਵੀ ਅੰਮ੍ਰਿਤ ਆਦਿ ਕਈ ਤਰ੍ਹਾਂ ਦੀ ਮਰਯਾਦਾ ਤਬਦੀਲ ਹੋ ਚੁਕੀ ਹੈ। ਪ੍ਰੰਤੂ ਕਿਉਂਕਿ ਇਹ ਮਾਮਲਾ ਪੰਥ ਦੇ ਸ਼੍ਰੋਮਣੀ ਤਖ਼ਤ ਦਾ ਹੈ, ਸੋ ਜਿਹੜਾ ਫ਼ੈਸਲਾ ਮਿਲ ਕੇ ਹੋਵੇਗਾ, ਉਹ ਸਾਰਿਆਂ ਨੂੰ ਮੰਨਣਾ ਹੀ ਪਵੇਗਾ। ਸੋ ਚੰਗਾ ਇਹ ਹੀ ਹੈ ਕਿ ਸਾਰੇ ਮਿਲ ਬੈਠ ਕੇ ਸਲਾਹ ਮਸ਼ਵਰਾ ਕਰੀਏ।

ਉਪਰੰਤ ਬਾਬਾ ਬੀਰ ਬਿਕ੍ਰਮਾਜੀਤ ਸਿੰਘ ਜੀ ਨੇ ਕਿਹਾ ਕਿ ਜੇਕਰ ਹਜ਼ੂਰੀ ਸੰਗਤ ਦੀ ਰਾਇ ਹੀ ਲੈਣੀ ਸੀ ਤਾਂ ੬-੭ ਦਿਨ ਦਾ ਸਮਾਂ ਕਾਫ਼ੀ ਸੀ। ਅਤੇ ਇਹ ਪੰਜ ਪਿਆਰੇ ਸੰਗਤ ਦੇ ਨੁਮਾਇੰਦੇ ਹੀ ਤਾਂ ਹਨ, ਇਹ ਵੀ ਖ਼ੁਦ ਫ਼ੈਸਲਾ ਕਰ ਸਕਦੇ ਸਨ। ਅਤੇ ਜੇਕਰ ਸੰਗਤ ਦੀ ਰਾਇ ਜ਼ਰੂਰ ਸੀ ਤਾਂ ਹੁਣ ਤੀਕ ਸਲਾਹ ਕਰ ਲੈਂਦੇ। ਹੁਣ ਜਥੇਦਾਰ ਸੰਤਾ ਸਿੰਘ ਜੀ ੯੬ ਕਰੋੜੀ ਇਸੇ ਕਾਰਜ ਲਈ ਹੀ ਇਥੇ ਆਏ ਹੋਏ ਹਨ। ਚੰਗਾ ਹੁੰਦਾ ਜੇ ਕੋਈ ਯੋਗ ਰਸਤਾ ਨਿਕਲ ਆਉਂਦਾ ਅਤੇ ਮਰਯਾਦਾ ਦੇ ਬਾਰੇ ਵਿਚ ਸਾਨੂੰ ਇਹਨਾਂ ਦਾ ਫੈਸਲਾ ਮਿਲ ਜਾਂਦਾ।

ਦੀਵਾਨ ਦੇ ਅੰਤ ਵਿਚ ਜਥੇਦਾਰ ਸੰਤਾ ਸਿੰਘ ਜੀ ੯੬ ਕਰੋੜੀ ਸ਼੍ਰੋ: ਪੰਥ ਅਕਾਲੀ ਬੁਢਾ ਦਲ ਫਿਰ ਤੋਂ ਸੰਗਤ ਦੇ ਮੁਖਾਤਿਬ ਹੋਏ ਅਤੇ ਕਿਹਾ ਕਿ ਸਾਡਾ ਪੰਥ ਅਕਾਲੀ ਬੁਢਾ ਦਲ ਪੰਜਵਾਂ ਤਖ਼ਤ ਹੀ ਇਕ ਅਜਿਹੀ ਪੰਥਕ ਜਮਾਤ ਹੈ, ਜਿਸ ਦੇ ਫੈਸਲੇ ਨੂੰ ਸਮੂੰਹ ਸਿਖ ਜਗਤ ਮੰਨਦਾ ਹੈ। ਅਸੀਂ ਇਥੇ ਵੀ ਤਖ਼ਤ ਸਾਹਿਬ ਦੀ ਮਰਯਾਦਾ ਦਾ ਵਾਦ ਵਿਵਾਦ ਖਤਮ ਕਰਨ ਲਈ ਆਏ ਹਾਂ। ਸਾਨੂੰ ਅਜਿਹਾ ਕਰਨ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਗੁਰਦੁਆਰਾ ਬੋਰਡ ਵਲੋਂ ਬੇਨਤੀ ਹੋਈ ਸੀ। ਇਥੋਂ ਦੇ ਪੰਜ ਪਿਆਰੇ ਸਾਹਿਬਾਨ ਨੇ ਵੀ ਸਾਨੂੰ ਕਿਹਾ ਸੀ ਕਿ ਮਰਯਾਦਾ ਦੇ ਸਬੰਧ ਵਿਚ ਆਪਣਾ ਫ਼ੈਸਲਾ ਦੇ ਕੇ ਹੀ ਜਾਓ। ਅਸੀਂ ਵੀ ਇਹੋ ਹੀ ਚਾਹੁੰਦੇ ਹਾਂ ਕਿ ਇਹ ਮਸਲਾ ਸੁਲਝਾ ਕੇ ਹੀ ਜਾਈਏ।

ਅਸੀਂ ਇਥੇ ਕੋਈ ਮੋਰਚਾ ਲਗਾਣ ਲਈ ਤਾਂ ਨਹੀਂ ਆਏ, ਬਲਕਿ ਪ੍ਰੇਮ ਭਾਵਨਾ ਕਾਇਮ ਰਖਣ ਲਈ ਅਤੇ ਪੰਥਕ ਮਸਲੇ ਨੂੰ ਹਲ ਕਰਨ ਲਈ ਹੀ ਇਥੇ ਆਏ ਹਾਂ।

ਅਸੀਂ ਜੋ ਪੰਜ ਪਿਆਰਿਆਂ ਦੇ ਸਬੰਧ ਵਿਚ ਕਿਹਾ



www.AKJ.Org

ਹੈ, ਉਹ ਬਿਲਕੁਲ ਸਹੀ ਹੈ। ਅਸੀਂ ੯੬ ਕ੍ਰੋੜੀ ਸ਼੍ਰੋਮਣੀ ਪੰਥ ਅਕਾਲੀ ਬੁਢਾ ਦਲ ਅਤੇ ਪੰਜਵੇਂ ਤਖ਼ਤ ਦੇ ਜਥੇਦਾਰ ਦੀ ਹੈਸੀਅਤ 'ਚ ਇਹ ਗੱਲ ਡੰਕੇ ਦੀ ਚੋਟ ਨਾਲ ਕਹਿੰਦੇ ਹਾਂ ਕਿ ਪੰਜ ਪਿਆਰਿਆਂ ਨੇ ਭਾਰੀ ਅਵਗਿਆ ਕੀਤੀ ਹੈ। ਇਹ ਉਨ੍ਹਾਂ ਦਾ ਫਰਜ਼ ਸੀ ਕਿ ਜੇਕਰ ਸੰਗਤ ਪਾਸੋਂ ਕੋਈ ਰਾਇ ਲੈਣੀ ਸੀ ਤਾਂ ਸਾਨੂੰ ਇਸ ਦੀ ਇਤਲਾਹ ਦਿੰਦੇ, ਪਰੰਤੂ ਇਹਨਾਂ ਨੇ ਅਜਿਹਾ ਨਹੀਂ ਕੀਤਾ। ਗੁਰਦੁਆਰਾ ਬੋਰਡ ਨੇ ਸਾਨੂੰ ਲਿਖ ਕੇ ਦੇ ਦਿਤਾ ਸੀ ਕਿ ਜਥੇਦਾਰ ਜੀ ਦਾ ਹਰ ਫ਼ੈਸਲਾ ਮੰਨਾਂਗੇ, ਅਜਿਹਾ ਹੀ ਇਥੋਂ ਦੇ ਪੰਜ ਪਿਆਰਿਆਂ ਨੂੰ ਕਰਨਾ ਚਾਹੀਦਾ ਸੀ, ਜਿਵੇਂ ਕਿ ਉਹਨਾਂ ਨੇ ਪਹਿਲਾਂ ਸਾਨੂੰ ਵਿਸ਼ਵਾਸ ਦਿਤਾ ਸੀ।

ਅਸੀਂ ਜੋ ਫ਼ੈਸਲਾ ਦਿਆਂਗੇ, ਉਹ ਸਿੱਖੀ ਅਤੇ ਗੁਰਮਤਿ ਦੇ ਆਸ਼ੇ ਅਨੁਸਾਰ ਦਿਆਂਗੇ, ਜੋ ਕਿ ਸਭਨਾਂ ਨੂੰ ਪ੍ਰਵਾਨ ਕਰਨਾ ਹੋਵੇਗਾ। ਸਾਡੇ ਫ਼ੈਸਲੇ ਨੂੰ ਸਾਰਾ ਸਿਖ ਜਗਤ ਮੰਨਦਾ ਹੈ।

ਪਹਿਲਾਂ ਅਸੀਂ ਆਪਣਾ ਫ਼ੈਸਲਾ ਇਥੇ ਹੀ ਸੁਨਾਉਣਾ ਸੀ, ਪਰੰਤੂ ਪੰਜ ਪਿਆਰਿਆਂ ਦੀ ਅਵੱਗਿਆ ਕਾਰਨ ਅਜਿਹਾ ਸੰਭਵ ਨਹੀਂ ਹੋ ਸਕਿਆ। ਹੁਣ ਅਸੀਂ ਇਹ ਫ਼ੈਸਲਾ ਲਿਖਤ ਰੂਪ ਵਿਚ ਦਿਆਂਗੇ, ਜਿਸ ਦੀ ਕਾਪੀ ਸਰਕਾਰ ਨੂੰ ਅਤੇ ਗੁਰਦੁਆਰਾ ਬੋਰਡ ਨੂੰ ਦਿਤੀ ਜਾਵੇਗੀ। ਅਸੀਂ ਆਸ ਕਰਦੇ ਹਾਂ ਕਿ ਸਾਡੇ ਫ਼ੈਸਲੇ ਨਾਲ ਇਥੋਂ ਦੀ ਮਰਯਾਦਾ ਦਾ ਮਸਲਾ ਹਲ ਹੋ ਜਾਵੇਗਾ ਅਤੇ ਅਮਨ, ਸ਼ਾਂਤੀ ਤੇ ਪਿਆਰ ਦੀ ਭਾਵਨਾ ਬਰਕਰਾਰ ਰਹਿ ਸਕੇਗੀ।

ਹੁਣ ਅਸੀਂ ਜੋ ਲਿਖਤੀ ਫ਼ੈਸਲਾ ਦਿਆਂਗੇ, ਸਰਕਾਰ ਦੀ ਇਹ ਜ਼ਿੰਮੇਵ੍ਾਰੀ ਰਹੇਗੀ ਕਿ ਇਸ ਨੂੰ ਪੂਰਨ ਰੂਪ ਵਿਚ ਲਾਗੂ ਕਰਵਾਏ ਅਤੇ ਜੇਕਰ ਸਰਕਾਰ ਅਜਿਹਾ ਨਹੀਂ ਕਰਦੀ ਤਾਂ ਫਿਰ ਅਸੀਂ ਵੀ ਮਜਬੂਰ ਹੋਵਾਂਗੇ। ਦੋਸ਼ ਸਰਕਾਰ ਦਾ ਹੋਵੇਗਾ, ਸਾਡਾ ਜਾਂ ਪੰਥਕ ਖਾਲਸੇ ਦਾ ਜਾਂ ਪ੍ਰਬੰਧਕਾਂ ਦਾ ਨਹੀਂ। ਅਤੇ ਫਿਰ ਮੋਰਚੇ ਵੀ ਲਗ ਸਕਦੇ ਹਨ, ਜਿਸ ਦੇ ਸਭਨਾਂ ਨਤੀਜਿਆਂ ਦੀ ਜ਼ਿੰਮੇਵਾਰੀ ਸਰਕਾਰ ਦੀ ਆਪਣੀ ਹੋਵੇਗੀ।

## ੩. ਮੂਲ ਰੂਪ ਵਿਚ ਹੁਕਮਨਮਾ

### ਪੰਥ ਦੀ ਧਰਮ ਧੁਜਾ ਸਿੰਘ ਸਾਹਿਬ ਬਾਬਾ ਸੰਤਾ ਸਿੰਘ ਜੀ ੯੬ ਕ੍ਰੋੜੀ ਜਥੇਦਾਰ ਸ਼ਰੋਮਣੀ ਪੰਥ ਅਕਾਲੀ ਬੁੱਢਾ ਦਲ ਅਤੇ ਜਥੇਦਾਰ ਪੰਜਵਾਂ ਤਖ਼ਤ ਚਲਦਾ ਵਹੀਰ ਜੀ ਦਾ ਇਤਿਹਾਸਕ ਹੁਕਮਨਾਮਾ

ਮੈਂ ਸਿੰਘ ਸਾਹਿਬ ਬਾਬਾ ਸੰਤਾ ਸਿੰਘ ੯੬ ਕਰੋੜੀ ਜਥੇਦਾਰ ਸ਼੍ਰੋਮਣੀ ਪੰਥ ਅਕਾਲੀ ਬੁਢਾ ਦਲ ਚਲਦਾ ਵਹੀਰ ਅਤੇ ਜਥੇਦਾਰ ਪੰਜਵਾਂ ਤਖ਼ਤ ਗੁਰ-ਮਰਯਾਦਾ ਨੂੰ ਦੁਹਰਾਉਂਦੇ ਇਹ ਫੈਸਲਾ ਦਿੰਦਾ ਹੋਇਆ ਸਮੂਹ ਖਾਲਸਾ ਜੀ ਨੂੰ ਇਹ ਹੁਕਮਨਾਮਾ ਜਾਰੀ ਕਰਦਾ ਹਾਂ ਕਿ ਇਸ ਫੈਸਲੇ ਤੇ ਜੋ ਕੋਈ ਅੱਜ ਤੋਂ ਬਾਅਦ ਕਿੰਤੂ ਕਰੇਗਾ, ਉਹ ਬੱਜਰ ਤਨਖਾਹੀਆ ਕਰਾਰ ਦਿਤਾ ਜਾਏਗਾ।

੧. ਇਹ ਅਸਥਾਨ ਤਪ ਅਸਥਾਨ ਹੈ।

੨. ਇਹ ਅੰਗੀਠਾ ਸਾਹਿਬ ਨਹੀਂ, ਇਹ ਤਪ ਅਸਥਾਨ ਹੈ। ਇਸ ਤੇ ਸ਼ਸਤ੍ਰ ਹੀ ਸੁਭਾਇਮਾਨ ਰਹਿਣੇ ਚਾਹੀਦੇ ਹਨ, ਕਿਉਂ ਜੋ ਸ਼ਸਤ੍ਰ ਸਾਡੇ ਇਸ਼ਟ ਦੇਵ ਹਨ। ਜੋ ਜਰਮਨ ਵਿਚ ਛਪੀ ਬੀੜ ਸੁਖ-ਆਸਨ ਕੀਤੀ ਹੋਈ ਮੌਜੂਦਾ ਪੁਜਾਰੀ ਮੋਨੀ ਜੀ ਵਲੋਂ ਰਖੀ ਹੋਈ ਹੈ ਤੇ ਜਿਸ ਦਾ ਉਹ ਪ੍ਰਕਾਸ਼ ਨਹੀਂ ਕਰਦੇ, ਮਨਮਤ ਹੈ।

੩. ਤਪ ਅਸਥਾਨ ਸਾਹਿਬ ਦੇ ਦਰਵਾਜ਼ੇ ਸਦਾ ਖੁਲ੍ਹੇ ਜਾਂ ਸ਼ੀਸ਼ੇ ਲਾ ਕੇ ਖੁਲ੍ਹੇ ਰਖੇ ਜਾਣ ਤਾਂ ਸ਼ਰਧਾ ਦਰਸ਼ਨ ਦੀਦਾਰਿਆ ਲਈ ਘਟੇਗੀ। ਸਮੇਂ ਸਿਰ ਦਰਸ਼ਨ ਕਰਵਾਏ ਜਾਣੇ ਹੀ ਠੀਕ ਹਨ, ਤਾਂਕਿ ਦਰਸ਼ਨਾਂ ਦੀ ਖਿੱਚ ਬਣੀ ਰਹੇ।

੪. ਯੋਗ ਅਸਥਾਨ ਤੇ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ



www.AKJ.Org

ਜੀ ਅਤੇ ਸ੍ਰੀ ਦਸਮ ਗ੍ਰੰਥ ਜੀ ਦੀ ਇਕ ਇਕ ਬੀੜ ਹੀ ਪ੍ਰਕਾਸ਼ ਹੋਣੀ ਚਾਹੀਦੀ ਹੈ। ਅਸਥਾਨ ਸਾਡੇ ਨਿਜੀ ਸਕੱਤਰ ਸ: ਰਛਪਾਲ ਸਿੰਘ ਬੇਦੀ ਪ੍ਰਧਾਨ ਸਾਹਿਬ ਜੀ ਨੂੰ ਦਰਸਾ ਦੇਣਗੇ।

੫. ਨੀਯਤ ਸਮੇਂ ਸਿਰ ਨਿਤਨੇਮ ਦੀ ਸਮਾਪਤੀ ਤੋਂ ਉਪ੍ਰੰਤ ਮਹਾਰਾਜ ਦੀਆਂ ਦੋਵੇਂ ਬੀੜਾਂ ਸੁਖ ਆਸਨ ਲਈ ਨੀਯਤ ਸੁਖ ਆਸਨ ਅਸਥਾਨ ਤੇ ਹਰਿਮੰਦਰ ਸਾਹਿਬ ਅੰਮ੍ਰਿਤਸਰ ਵਿਚ ਸਤਿਗੁਰੂ ਪੰਚਮ ਪਾਤਸ਼ਾਹ ਜੀ ਦੀ ਦਰਸਾਈ ਹੋਈ ਆਦਿ ਮਰਯਾਦਾ ਅਨੁਸਾਰ ਜਲੂਸ ਦੀ ਸ਼ਕਲ ਵਿਚ ਜਾਣੀਆਂ ਚਾਹੀਦੀਆਂ ਹਨ ਤੇ ਅੰਮ੍ਰਿਤ ਵੇਲੇ ਫਿਰ ਪ੍ਰਕਾਸ਼ ਅਸਥਾਨ ਤੇ ਉਸੇ ਮਰਯਾਦਾ ਨਾਲ ਆਉਣੀਆਂ ਚਾਹੀਦੀਆਂ ਹਨ।

੬. ਅਖੰਡ ਪਾਠ ਤਖ਼ਤ ਸਾਹਿਬ ਤੇ ਨਹੀਂ ਹੋਣੇ ਚਾਹੀਦੇ, ਅਖੰਡ ਪਾਠ ਯੋਗ ਮਿਥੇ ਅਸਥਾਨ ਤੇ ਹੀ ਹੋਣੇ ਚਾਹੀਦੇ ਹਨ। ਕਿਉਂਕਿ ਤਖ਼ਤ ਸਾਹਿਬ ਦਾ ਰੋਜ਼ਾਨਾ ਇਸ਼ਨਾਨ ਹੋਣਾ ਚਾਹੀਦਾ ਹੈ, ਜੋ ਅਤੀ ਜ਼ਰੂਰੀ ਹੈ ਤੇ ਸੁੰਦਰ ਦਰਸ਼ਨੀ ਗਲੀਚੇ ਵਿਛਾਏ ਜਾਣੇ ਚਾਹੀਦੇ ਹਨ।

੭. ਤਖ਼ਤ ਸਾਹਿਬ ਤੇ ਕੋਈ ਅੰਗਹੀਣ ਜਾਂ ਜੋ ਤਿਆਰ ਬਰਤਿਆਰ ਨਾ ਹੋਵੇ ਤੇ ਤਨਖਾਹੀਆ ਹੋਵੇ, ਜਾਣਾ ਨਹੀਂ ਚਾਹੀਦਾ।

੮. ਤਖ਼ਤ ਅਸਥਾਨ ਇਹ ਮੌਜੂਦਾ ਅਸਥਾਨ ਹੀ ਹੈ। ਇਸ ਤੇ ਹੀ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਤੇ ਸ੍ਰੀ ਦਸਮ ਗ੍ਰੰਥ ਸਾਹਿਬ ਜੀ ਦੀ ਬੀੜ ਦਾ ਪ੍ਰਕਾਸ਼ ਹੋਵੇਗਾ।

੯. ਕੋਈ ਮਹਾਨ ਵਿਅਕਤੀ, ਭਾਵੇਂ ਉਹ ਕਿੱਡੀ ਵੱਡੀ ਹਸਤੀ ਹੋਵੇ, ਤਖ਼ਤ ਸਾਹਿਬ ਤੇ ਪਾਵਨ ਦਰਬਾਰ ਸੱਚਖੰਡ ਸਾਹਿਬ ਅਤੇ ਉਸ ਦੀਆਂ ਪ੍ਰਕਰਮਾਂ ਵਿਚ ਸਤਿਗੁਰੂ ਜੀ ਦੇ ਸਤਿਕਾਰ ਨੂੰ ਮੁਖ ਰਖਦਿਆਂ ਮੱਥਾ ਨਹੀਂ ਟਿਕਵਾ ਸਕਦਾ।

੧੦. ਗੁਰੂ ਕੇ ਲੰਗਰ ਦੀ ਮਹੱਤਤਾ ਨੂੰ ਮੁਖ ਰਖਦੇ ਹੋਏ ਕੋਈ ਵੀ ਵਿਅਕਤੀ ਆਪਣਾ ਲੰਗਰ ਗੁਰੂ ਕੇ ਲੰਗਰ ਦੇ ਮੁਕਾਬਲੇ ਤੇ ਨਹੀਂ ਚਲਾ ਸਕਦਾ। ਗੁਰਦੁਆਰਾ ਸਾਹਿਬ ਦੀ ਹਦੂਦ ਅੰਦਰ ਇਕੋ ਹੀ ਇਕ ਗੁਰੂ ਕਾ ਲੰਗਰ ਹੋਵੇਗਾ। ਜੇ ਕੋਈ ਸੇਵਾ ਕਰਨ ਜਾਂ ਰਸਦ ਆਦਿ ਪਹੁੰਚਾਣੀ ਚਾਹੇ ਜਾਂ ਨਕਦ ਮਾਇਆ ਦੇਵੇ, ਉਹ ਗੁਰੂ ਕੇ ਲੰਗਰ ਵਿਚ ਪਹੁੰਚਾਵੇ।

੧੧. ਸਿੱਖ ਪੰਥ ਵਿਚ ਗ੍ਰਿਹਸਤ ਪ੍ਰਧਾਨ ਹੈ, ਇਸ ਲਈ ਗ੍ਰਿਹਸਥੀ ਲਈ ਪਾਬੰਦੀ ਨਹੀਂ ਕਿ ਉਹ ਪੁਜਾਰੀ ਨਹੀਂ ਹੋ ਸਕਦਾ। ਪਰ ਜੇਕਰ ਉਹ ਬ੍ਰਹਮਚਾਰੀ ਹੋਵੇ ਤਾਂ ਉਹ ਪੂਰਨ ਤੌਰ ਤੇ ਬ੍ਰਹਮਚਾਰੀ ਹੋਣਾ ਚਾਹੀਦਾ ਹੈ, ਘਰਾਂ ਵਿਚ ਤੇ ਇਸਤ੍ਰੀਆਂ ਵਿਚ ਵਿਚਰਨ ਵਾਲਾ ਨਹੀਂ।

੧੨. ਸ਼ਹੀਦੀ ਦੇਗ ਦਾ ਭੋਗ ਅਤੀ ਜ਼ਰੂਰੀ ਹੈ, ਇਹ ਮਰਯਾਦਾ ਮੀਰੀ ਪੀਰੀ ਦੇ ਮਾਲਕ ਸਾਹਿਬ ਸ੍ਰੀ ਗੁਰੂ ਹਰਿਗੋਬਿੰਦ ਪਾਤਸ਼ਾਹ ਦੀ ਚਲਾਈ ਹੋਈ ਹੈ। ਪਰ ਸ਼ਰਦਾਈ ਭੋਗ ਨਹੀਂ ਸ਼ਹੀਦੀ ਦੇਗ ਹੋਣੀ ਚਾਹੀਦੀ ਹੈ, ਜਿਸ ਵਿਚ ਸੁਖਨਿਧਾਨ ਅਤੀ ਜ਼ਰੂਰੀ ਹੈ।

੧੩. ਅਰਦਾਸ ਮਹਾਰਾਜ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਨਮੁਖ ਹੋਣੀ ਚਾਹੀਦੀ ਹੈ। ਅਰਦਾਸ ਵਿਚ ਗੰਗਾ ਤੇ ਗੋਦਾਵਰੀ ਦੇ ਇਸ਼ਨਾਨ ਦਾ ਵਰਨਣ ਲੋੜੀਂਦਾ ਨਹੀਂ। ਅਰਦਾਸ ਪੂਰੇ ਸਤਿਕਾਰ ਤੇ ਭੈ ਅੰਦਰ ਰਹਿ ਕੇ ਕਰਨੀ ਜ਼ਰੂਰੀ ਹੈ। ਗੁਰ ਤੀਰਥਾਂ, ਗੁਰਧਾਮਾਂ, ਗੁਰ ਤਖ਼ਤਾਂ ਤੋਂ ਛੁਟ ਅਰਦਾਸ ਵਿਚ ਹੋਰ ਕਿਸੇ ਵਿਅਕਤੀਗਤ ਵਸਤੂ ਦਾ ਨਾਮ ਲੈਣਾ ਮਨਮਤ ਹੈ। ਅਰਦਾਸ ਵਿਚ ਬੁੱਢਾ ਦਲ ਪੰਜਵਾਂ ਤਖ਼ਤ ਦਾ ਵਰਣਨ ਜ਼ਰੂਰੀ ਹੈ ਤੇ ਅਰਦਾਸ ਪੰਜਾਂ ਤਖਤਾਂ ਦੀ ਹੋਣੀ ਚਾਹੀਦੀ ਹੈ। ਜਿਥੇ ਚਾਰਾਂ ਤਖ਼ਤਾਂ ਦਾ ਨਾਂ ਲੈਂਦੇ ਹਨ, ਉਥੇ ਬੁੱਢਾ ਦਲ ਪੰਜਵਾਂ ਤਖ਼ਤ ਦਾ ਵਰਣਨ ਕਰਨਾ ਜ਼ਰੂਰੀ ਹੈ।

੧੪. ਆਰਤੀ ਕੇਵਲ ਪੜ੍ਹੀ ਜਾਣੀ ਚਾਹੀਦੀ ਹੈ, ਉਤਾਰਨੀ ਨਹੀਂ।

੧੫. ਨਾਰੀਅਲ ਤੇ ਕੁੰਭ ਅਖੰਡ ਪਾਠ ਸਮੇਂ ਗੁਰਮਤ ਅਨੁਸਾਰ ਰਖਣੇ ਸਹੀ ਹਨ। ਪਾਨ ਦੀ ਵਰਤੋਂ,



www.AKJ.Org

ਟੱਲ ਵਜਾਣੇ ਤੇ ਸੰਖ ਪੂਰਨੇ ਮਨਮਤ ਹੈ। ਭੋਗ ਦੀ ਅਰਦਾਸ ਸਮੇਂ ਨਗਾਰਾ-ਵਜਾਉਣਾ ਜ਼ਰੂਰੀ ਹੈ।

੧੬. ਸ਼ਸਤਰਾਂ ਨੂੰ ਚੰਦਨ ਦਾ ਟਿਕਾ ਅਤਰ ਫੁਲੇਲ ਭੇਟਾ ਸਹੀ ਹੈ। ਸੰਗਤ ਵਿਚ ਤਿਲਕ ਮੱਥੇ ਤੇ ਲਾਉਣਾ ਮਨਮਤ ਹੈ।

੧੭. ਸ਼ਸਤਰਾਂ ਨੂੰ ਚੁਟੰਗੇ ਦਾ ਤਿਲਕ ਸਹੀ ਹੈ। ਚੁਟੰਗਾ ਕੇਵਲ ਯੋਗ ਅਸਥਾਨ ਤੇ ਝਟਕਾਇਆ ਜਾਣਾ ਚਾਹੀਦਾ ਹੈ ਤੇ ਸੇਵਾਦਾਰ ਤੀਰ ਅੰਦਰੋਂ ਲੈ ਕੇ ਆਵੇ ਤੇ ਸ਼ਸਤਰਾਂ ਨੂੰ ਤਿਲਕ ਲਾਵੇ। ਝਟਕਿਆ ਹੋਇਆ ਸੀਸ ਅੰਦਰ ਲਿਜਾਣਾ ਗੁਰਮਤ ਦੀ ਮਰਯਾਦਾ ਅਨੁਸਾਰ ਗਲਤ ਹੈ।

੧੮. ਹਰ ਅਖੰਡ ਪਾਠ ਦੇ ਨਾਲ ਜਪੁਜੀ ਸਾਹਿਬ ਦਾ ਪਾਠ ਜ਼ਰੂਰੀ ਨਹੀਂ। ਕੇਵਲ ਇਕ ਜਪੁਜੀ ਸਾਹਿਬ ਦਾ ਪਾਠ ਹੀ ਸਾਰੇ ਅਖੰਡ ਪਾਠਾਂ ਨਾਲ ਹੋਣਾ ਮਰਯਾਦਾ ਹੈ।

੧੯. ਸਭਨਾਂ ਅਖੰਡ ਪਾਠਾਂ ਦੀ ਭਿੰਨ ਭਿੰਨ ਜੋਤ ਜ਼ਰੂਰੀ ਨਹੀਂ, ਇਕ ਹੀ ਜੋਤ ਜਾਇਜ਼ ਹੈ।

੨੦. ਅੰਮ੍ਰਿਤ ਖੰਡੇ ਦਾ ਸਿੰਘਾਂ ਲਈ ਹੀ ਕੇਵਲ ਮਰਯਾਦਾ ਅਨੁਸਾਰ ਲਾਜ਼ਮੀ ਹੈ। ਸਿੰਘਣੀਆਂ ਨੂੰ ਕ੍ਰਿਪਾਨ ਦਾ ਅੰਮ੍ਰਿਤ ਹੀ ਮਰਯਾਦਾ ਅਨੁਸਾਰ ਹੈ। ਇਹ ਮਰਯਾਦਾ ਖਾਲਸਾ ਪੰਥ ਦੀ ਚਲਾਈ ਹੋਈ ਹੈ। ਦੂਸਰੀਆਂ ਜਾਤੀਆਂ ਬਾਰੇ ਰਹਿਤ-ਨਾਮਿਆਂ ਵਿਚ ਵਖਰਾ ਛਕਾਉਣ ਦਾ ਹੀ ਸੰਕੇਤ ਹੈ।

੨੧. ਨੌਬਤ ਮਹਾਰਾਜ ਦੇ ਦਰਬਾਰ ਵਿਚ ਵੱਜਣੀ ਠੀਕ ਹੈ।

੨੨. ਮੀਤ ਪੁਜਾਰੀ ਸਾਹਿਬ ਦਾ ਬਾਹਰ ਚੌਰ ਕਰਨਾ ਠੀਕ ਨਹੀਂ, ਚੌਰ ਅੰਦਰ ਸ਼ਸਤਰਾਂ ਤੇ ਅਤੇ ਬਾਹਰ ਤਖ਼ਤ ਸਾਹਿਬ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਉਪਰ ਹੋਣਾ ਚਾਹੀਦਾ ਹੈ। ਮੀਤ ਪੁਜਾਰੀ ਅਰਦਾਸੀਏ ਹਨ, ਚੌਰ-ਬਰਦਾਰ ਨਹੀਂ।

੨੩. ਹੈਡ ਪੁਜਾਰੀ ਦੇ ਅਸਥਾਨ ਤੇ ਪ੍ਰਕਾਸ਼ ਨਹੀਂ ਹੋਣਾ ਚਾਹੀਦਾ, ਕਿਉਂ ਜੋ ਪੁਜਾਰੀ ਜੀ ਗੁਰੂ ਮਹਾਰਾਜ ਦੇ ਹਜ਼ੂਰ ਮੱਥਾ ਟਿਕਾਉਂਦੇ ਹਨ, ਜੋ ਗੁਰਮਤਿ ਵਿਚ ਜਾਇਜ਼ ਨਹੀਂ। ਬੁੰਗੇ ਵਿਚ ਗੋਲਕ ਨਹੀਂ ਰਖੀ ਜਾ ਸਕਦੀ ਤੇ ਨਾ ਹੀ ਲੰਗਰ ਚਲ ਸਕਦਾ ਹੈ।

੨੪. ਤਖ਼ਤ ਸਾਹਿਬ ਦੇ ਪੁਜਾਰੀ ਜੀ ਨੂੰ ਉਨ੍ਹਾਂ ਦੀ ਸ਼ਾਨ ਦੇ ਅਨੁਕੂਲ ਰਿਹਾਇਸ਼ ਅਸਥਾਨ ਪੁਜਾਰੀ ਸਾਹਿਬ ਨੂੰ ਦਿਤਾ ਜਾਣਾ ਚਾਹੀਦਾ ਹੈ। ਦਰਬਾਰ ਸਾਹਿਬ ਦੀ ਹਦੂਦ ਅੰਦਰ ਰਿਹਾਇਸ਼ ਅਸਥਾਨ ਪੁਜਾਰੀ ਜੀ ਨੂੰ ਦਿਤਾ ਜਾਏ।

੨੫. ਹੈਡ ਪੁਜਾਰੀ ਦੀ ਪਦਵੀ ਜਥੇਦਾਰ ਦੀ ਨਹੀਂ, ਪੁਜਾਰੀ ਜਥੇਦਾਰ ਨਹੀਂ ਹੋ ਸਕਦਾ। ਤਖ਼ਤ ਦਾ ਮੁਖੀ ਜਥੇਦਾਰ ਹੀ ਕਹਿਲਾ ਸਕਦਾ ਹੈ, ਪੁਜਾਰੀ ਨਹੀਂ।

੨੬. ਮਹੱਲੇ ਨਿਸ਼ਾਨ ਸਾਹਿਬਾਂ ਦੀ ਤਾਬਿਆ ਹੀ ਨਿਕਲਦੇ ਹਨ। ਇਹਨਾਂ ਨੂੰ ਨਗਰ ਕੀਰਤਨ ਦੀ ਸ਼ਕਲ ਨਹੀਂ ਦੇਣੀ ਚਾਹੀਦੀ। ਮਹੱਲਾ ਇਕ ਮਾਰਚ ਹੈ ਤੇ ਜੰਗੀ ਸ਼ਕਲ ਵਿਚ ਹੀ ਚਲਣਾ ਚਾਹੀਦਾ ਹੈ। ਢੋਲਕੀ ਛੈਣਿਆਂ ਦਾ ਝੁਰਮਟ ਤੇ ਸ਼ਰਾਬ ਦੀ ਵਰਤੋਂ ਕਰ ਕੇ ਮਹੱਲੇ ਵਿਚ ਚੜ੍ਹਨਾ ਨਹੀਂ ਚਾਹੀਦਾ। ਇਹ ਮਨਮਤ ਹੈ ਤੇ ਸਦਾ ਦੇਖਣ ਵਿਚ ਆਉਂਦੀ ਹੈ। ਮਹੱਲੇ ਵਿਚ ਇਕ ਸ਼ਰਾਬੀ ਨੇ ਪੁਜਾਰੀ ਜੀ ਨੂੰ ਮੱਥਾ ਟੇਕਿਆ ਅਤੇ ਉਹਨਾਂ ਨੇ ਆਪਣੇ ਗਲੋਂ ਸੰਗਤਾਂ ਦਾ ਪਾਇਆ ਹੋਇਆ ਨੋਟ ਦਾ ਹਾਰ ਲਾਹਕੇ ਉਸਦੇ ਗਲ ਵਿਚ ਪਾ ਦਿਤਾ ਜੋ ਕੋਝੀ ਮਨਮਤ ਹੈ, ਇਸ ਤੋਂ ਸੰਕੋਚ ਕਰਨਾ ਅਤਿ ਜ਼ਰੂਰੀ ਹੈ।

੨੭. ਤਸਵੀਰ ਪੂਜਾ ਮਨਮਤ ਹੈ।

੨੮. ਕੜਾਹ ਪ੍ਰਸ਼ਾਦਿ ਗੁਰਮਤ ਅਨੁਸਾਰ ਪੰਜ ਪਿਆ-ਰਿਆਂ ਦਾ ਵਰਤਾ ਕੇ ਤੇ ਗੁਰ ਦਇਆ ਦਾ ਕੱਢਕੇ ਬਾਕੀ ਤੁਰੰਤ ਸੰਗਤ ਵਿਚ ਇਕੋ ਜਹੇ ਵਰਤਾਰੇ ਅਨੁਸਾਰ ਵਰਤਾਇਆ ਜਾਣਾ ਚਾਹੀਦਾ ਹੈ। ਪੰਜ ਪਿਆਰਿਆਂ ਦਾ ਵਰਤਾਰਾ ਨਹੀਂ ਹੋਣਾ ਚਾਹੀਦਾ।

੨੯. ਪੰਥ ਪਰੰਪਰਾ ਤੋਂ ਚਲਿਆ ਆ ਰਿਹਾ ਸਰਬਤ ਖਾਲਸਾ ਜੀ ਵਲੋਂ ਵਰਣਨ ਕੀਤਾ ਹੋਇਆ



www.AKJ.Org

ਗੁਰਮਤ ਅਨੁਸਾਰ ਸ਼ਰੋਮਣੀ ਪੰਥ ਅਕਾਲੀ ਬੁੱਢਾ ਦਲ ਚਲਦਾ ਵਹੀਰ ਪੰਜਵਾਂ ਤਖ਼ਤ ਹੈ। ਕਿਉਂ ਜੋ ਨਿਸ਼ਾਨ ਧੌਂਸੇ ਜੋ ਮਹਾਰਾਜ ਕਲੀਗਧਰ ਜੀ ਦੇ ਬਖਸ਼ੇ ਹੋਏ ਹਨ, ਉਹ ਪੰਥ ਕੋਲ ਕੇਵਲ ਚਲੇ ਆ ਰਹੇ ਹਨ। ਪੰਥ ਦੀ ਧਰਮਧੁਜਾ ਦਾ ਨਿਸ਼ਾਨ ਵੀ ਪੰਥ ਦੀ ਹੋਂਦ ਪ੍ਰਗਟਾਉਂਦਾ ਹੈ। ਇਸ ਤੋਂ ਸਿਧ ਹੋਇਆ ਕਿ ਪੰਥ ਸ਼ਰੋਮਣੀ ਪੰਥ ਅਕਾਲੀ ਬੁੱਢਾ ਦਲ ਹੀ ਹੈ। ਇਹੀ ਕਾਰਨ ਹੈ ਕਿ ਸ਼ਰੋਮਣੀ ਪ੍ਰਬੰਧਕ ਕਮੇਟੀ ਤੇ ਸ਼ਰੋਮਣੀ ਅਕਾਲੀ ਦਲ ਨੇ ਇਸੇ ਨੂੰ ਪੰਥ ਮੰਨਿਆ ਹੈ। ਲੋੜ ਹੋਵੇ ਤਾਂ ਪ੍ਰਮਾਣਕ ਸਿਧ ਕੀਤਾ ਜਾ ਸਕਦਾ ਹੈ।

੩੦. ਗੁੱਝੀ ਬੀਮਾਰੀ ਵਾਲਾ ਵਿਅਕਤੀ ਹੈਡ ਪੁਜਾਰੀ ਦੀ ਪਦਵੀ ਤੇ ਨਹੀਂ ਰਹਿ ਸਕਦਾ। ਖਾਸ ਕਰ ਇਹ ਬੀਮਾਰੀ ਜੋ ਮੌਜੂਦਾ ਹੈਡ ਪੁਜਾਰੀ ਸਾਹਿਬ ਨੂੰ ਹੈ ਤੇ ਪ੍ਰਬੰਧਕ ਬੋਰਡ ਨੇ ਜਿਸਦਾ ਸਰਟੀਫਿਕੇਟ ਸਿਵਲ ਸਰਜਨ ਵਲੋਂ ਦਿਤਾ ਹੋਇਆ ਦਰ-ਸਾਇਆ ਹੈ, ਵਾਲਾ ਤਾਂ ਮਹਾਰਾਜ ਦੇ ਅੰਦਰ ਦੀ ਸੇਵਾ ਸੰਭਾਲ ਕਦਾਚਿਤ ਨਹੀਂ ਕਰ ਸਕਦਾ। ਮਹਾਰਾਜ ਦ ਅੰਦਰ ਦੀ ਦਹਿਲੀਜ਼ ਅੰਦਰ ਉਸ ਦਾ ਪੈਰ ਰਖਣਾ ਹੀ ਉਚਿਤ ਨਹੀਂ ਤੇ ਜੇਕਰ ਉਹ ਜ਼ੋਰ ਨਾਲ ਜਾਏ ਤਾਂ ਉਹ ਤਨਖਾਹੀਆ ਕਰਾਰ ਦਿਤਾ ਜਾਇਗਾ।

ਅੰਤ ਵਿਚ ਸੰਗਤਾਂ ਦੀ ਗਿਆਤ ਲਈ ਦੱਸ ਦਿਆਂ ਕਿ ਇਹ ਹੁਕਮਨਾਮਾ ਪੰਥ ਦੀ ਪ੍ਰਮਾਣੀਕ ਜਥੇਬੰਦੀ ਦੇ ਜਥੇਦਾਰ ਸਾਹਿਬ ਵਲੋਂ ਤੀਜੀ ਵਾਰ ਜਾਰੀ ਕੀਤਾ ਗਿਆ ਹੈ। ਪਹਿਲਾ ਹੁਕਮਨਾਮਾ ਸਿੰਘ ਸਾਹਿਬ ਜਥੇਦਾਰ ਬਾਬਾ ਫੂਲਾ ਸਿੰਘ ਜੀ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਅੰਮ੍ਰਿਤਸਰ ਤੋਂ ਮਹਾਰਾਜਾ ਰਣਜੀਤ ਸਿੰਘ ਬਾਰੇ ਜਾਰੀ ਕੀਤਾ। ਦੂਜਾ ਹੁਕਮਨਾਮਾ ਸਿੰਘ ਸਾਹਿਬ ਜਥੇਦਾਰ ਅੱਛਰ ਸਿੰਘ ਜੀ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਨੇ ਅਕਾਲ ਤਖ਼ਤ ਸਾਹਿਬ ਅੰਮ੍ਰਿਤਸਰ ਤੋਂ ਸਵਰਗਵਾਸੀ ਮਾਸਟਰ ਤਾਰਾ ਸਿੰਘ ਜੀ ਤੇ ਸੰਤ ਫਤਹਿ ਸਿੰਘ ਜੀ ਆਦਿ ਸੱਜਣਾਂ ਬਾਰੇ ਜਾਰੀ ਕੀਤਾ ਜੋ ਕਿ ਸਾਰਿਆਂ ਨੇ ਖਿੜੇ ਮੱਥੇ ਪ੍ਰਵਾਨ ਕੀਤਾ। ਤੀਜਾ ਹੁਕਮਨਾਮਾ ਪੰਜਵਾਂ ਤਖ਼ਤ ਦੇ ਜਥੇਦਾਰ ਅਤੇ ਜਥੇਦਾਰ ਸ਼ਰੋਮਣੀ ਪੰਥ ਅਕਾਲੀ ਬੁੱਢਾ ਦਲ ਚਲਦਾ ਵਹੀਰ ਹੋਣ ਦੀ ਹੈਸੀਅਤ ਵਿਚ ਅੱਜ ਮਿਤੀ ੬-੧੦-੧੯੭੬ ਨੂੰ ਅਸੀਂ ਤਖਤ ਸ੍ਰੀ ਹਜ਼ੂਰ ਅਬਚਲ ਨਗਰ ਸਾਹਿਬ ਤੋਂ ਜਾਰੀ ਕਰਦੇ ਹਾਂ।

ਸਿੰਘ ਸਾਹਿਬ ਬਾਬਾ ਸੰਤਾ ਸਿੰਘ ਜੀ
੯੬ ਕ੍ਰੋੜੀ ਜਥੇਦਾਰ
ਸ਼ਰੋਮਣੀ ਪੰਥ ਅਕਾਲੀ ਬੁੱਢਾ ਦਲ
ਅਤੇ ਜਥੇਦਾਰ ਪੰਜਵਾਂ ਤਖ਼ਤ ਚਲਦਾ ਵਹੀਰ
**ਸਹੀ—(ਸੰਤਾ ਸਿੰਘ ਜਥੇਦਾਰ)**
ਮਿਤੀ ੬.੧੦.੧੯੭੬

# ੪. ਟਿਪਣੀਆਂ

## (ੳ) ਸਪਤਾਹਕ 'ਪ੍ਰਕਾਸ਼' ਅੰਮ੍ਰਿਤਸਰ

**(੧) ਹਜ਼ੂਰ ਸਾਹਿਬ ਜੋਤਾਂ ਜਾਰੀ ਰਹਿਣ, ਸੁਖੇ ਦਾ ਭੋਗ ਲਗੇ, ਸਿੰਘਣੀਆਂ ਨੂੰ ਕ੍ਰਿਪਾਨ ਦਾ ਅੰਮ੍ਰਿਤ—ਚੋਟੰਗਾ ਝਟਕਾ ਕੇ ਸ਼ਸਤ੍ਰਾਂ ਨੂੰ ਤਿਲਕ ਲਗਾਉਣਾ—ਸਭ ਗੁਰਮਤਿ ਹੈ?**

**ਸਾਡੇ ਸ਼ਸਤ੍ਰ ਹੀ ਇਸ਼ਟ ਹਨ—ਤਖ਼ਤ ਸਾਹਿਬ ਉਪਰ ਸ਼ਸਤ੍ਰ ਹੀ ਰੱਖੇ ਜਾਣ—ਅੰਮ੍ਰਿਤ, ਜਾਤੀ ਦੇਖ ਕੇ ਛਕਾਇਆ ਜਾਵੇ—ਹੁਕਮ ਨਾ ਮੰਨਣ ਵਾਲੇ ਬਜਰ ਤਨਖਾਹੀਏ ਕਰਾਰ ਦਿਤੇ ਗਏ?**

**੯੬ਵੇਂ ਕ੍ਰੋੜੀ ਬੁਢਾ ਦਲ ਦਾ ਅਨੋਖਾ ਅਤੇ ਇਤਿਹਾਸਕ ਹੁਕਮਨਾਮਾ।**

ਨਿਹੰਗ ਸਿੰਘਾਂ ਦੇ ਦਲ ਨੇ ਬੀਤੇ ਦੁਸਹਿਰੇ ਨੂੰ ਹਜ਼ੂਰ ਸਹਿਬ ਨੰਦੇੜ ਦੱਖਣ ਵਿਚ ਪੁਜ਼ ਕੇ ਉਥੋਂ ਜੋ ਹੁਕਮਨਾਮਾ ਜਾਰੀ ਕੀਤਾ ਹੈ, ਉਸ ਦੀ ਇਬਾਰਤ ਹੇਠਾਂ† ਦਿਤੀ ਜਾ ਰਹੀ ਹੈ, ਜੋ ਤਖ਼ਤ ਦੇ ਸਰਬਰਾਹ ਸ: ਰਲਾ ਸਿੰਘ ਨੇ ਆਪਣੇ ਪੱਤਰ ਨਾਲ ਨੱਥੀ ਕਰਕੇ ਸਿਖ ਸੰਗਤਾਂ ਅਤੇ ਜ਼ਿੰਮੇਵਾਰਾਂ ਨੂੰ ਭੇਜੀ ਹੈ। ਨਿਹੰਗ ਸਿੰਘਾਂ ਦੇ ਦਲ ਦਾ ਇਹ ਅਨੋਖਾ ਤੇ ਇਤਿਹਾਸਕ ਫੈਸਲਾ, ਜਿਸ ਵਿਚ ਪ੍ਰਸਪਰ ਵਿਰੋਧ ਅਤੇ ਆਪ ਨੂੰ ਪੰਥ ਦੀ ਸ਼੍ਰੋਮਣੀ ਜਥੇਬੰਦੀ, ਜਿਸ ਦੀ ਈਨ ਸ਼੍ਰੋ: ਕਮੇਟੀ ਸ਼੍ਰੋ: ਅਕਾਲੀ ਦਲ, ਭਾਰਤ ਦੀ ਸਰਕਾਰ ਵੀ

†ਇਹ ਸਾਰੀ ਇਬਾਰਤ ਉਪਰ ਦੇ ਦਿੱਤੀ ਗਈ ਹੈ।

www.AKJ.Org

ਭਰਦੀ ਦੱਸੀ ਗਈ ਹੈ, ਦੇ 'ਸ਼ਹਿਨਸ਼ਾਹ' ਜਥੇਦਾਰ ਜੀ ਦੇ ਦਸਤਖ਼ਤਾਂ ਹੇਠਾਂ ਇਕ ਅਜੀਬੋ ਗਰੀਬ ਦਸਤਾਵੇਜ਼ ਛਾਇਆ ਕੀਤੀ ਗਈ ਹੈ। ਬਿਨਾ ਕਿਸੇ ਟੀਕਾ ਟਿਪਣੀ ਦੇ ਉਹ ਪਾਠਕਾਂ ਦੀ ਸੇਵਾ ਵਿਚ ਹਾਜ਼ਰ ਕੀਤੀ ਜਾ ਰਹੀ ਹੈ, ਤਾਂ ਜੋ ਘੋਖ ਪੜਤਾਲ ਕਰਕੇ ਇਸ 'ਛਿਆਨਵੇਂ ਕਰੋੜੀ' ਸ਼ਕਤੀ ਵਾਲੇ 'ਸੁਲਤਾਨੁਲ ਕੌਮ' ਦੇ ਕੀਤੇ ਗਏ ਫ਼ੈਸਲੇ ਨੂੰ ਮੁਖ ਰਖ ਕੇ, ਜਿਸ ਦੇ ਨਾ ਮੰਨਣ ਵਾਲਿਆਂ ਨੂੰ ਪਹਿਲਾਂ ਹੀ ਬਜਰ ਤਨਖਾਹੀਆ ਕਰਾਰ ਦਿੱਤਾ ਗਿਆ ਹੈ, ਹਰ ਥਾਂ ਰਹੁ ਰੀਤ ਸੁਧਾਰੀ ਜਾਵੇ, ਖਾਸ ਕਰਕੇ ਸ਼ੋ: ਕਮੇਟੀ, ਜਿਸ ਦਾ ਸੈ ਕੜੇ ਗੁਰਧਾਮਾਂ ਉਪਰ ਅਧਿਕਾਰ ਹੈ, ਇਹ ਮਰਯਾਦਾ ਤਖ਼ਤਾਂ ਤੇ ਹੋਰਨਾਂ ਥਾਵਾਂ ਉਤੇ ਬਿਨਾਂ ਬਿਲੰਬ ਲਾਗੂ ਕਰਕੇ, ਗੁਰੂ ਘਰ ਕੀਆਂ ਲਾਡਲੀਆਂ ਫੋਜਾਂ ਦੀਆਂ ਖੁਸ਼ੀਆਂ ਪ੍ਰਾਪਤ ਕਰੇ। ਕਿਉਂਕਿ ਅਜਿਹਾ ਕੀਤੇ ਬਿਨਾ ਹੋਰ ਕੋਈ ਚਾਰਾ ਨਹੀਂ ਰਹਿ ਗਿਆ? ਸ਼੍ਰੋ: ਕਮੇਟੀ ਤੇ ਸ਼੍ਰੋ: ਅਕਾਲੀ ਦਲ ਤਾਂ ਪਹਿਲਾਂ ਹੀ ਲਿਖਤੀ ਤੌਰ ਤੇ ਪਾਬੰਦ ਦੱਸੇ ਗਏ ਹਨ?

ਇਹ ਹੁਕਮਨਾਮਾ ਪੜ੍ਹ ਕੇ, ਸ਼ਰੋਮਣੀ ਕਮੇਟੀ ਤੇ ਅਕਾਲੀ ਦਲ ਦੀ ਕੀ ਹੈਸੀਅਤ ਰਹਿ ਗਈ ਹੈ? ਇਕ ਪ੍ਰਸ਼ਨ ਇਹ ਖੜਾ ਕਰਦਾ ਹੈ? ਦੂਜੇ ਅਕਾਲ ਤਖ਼ਤ ਦੀ ਮਰਿਆਦਾ ਨੂੰ ਗਲਤ ਕਰਾਰ ਦਿੰਦਾ ਹੈ? ਕੀ ਸ਼ਰੋਮਣੀ ਕਮੇਟੀ ਨੇ ਇਸ ਹੁਕਮਨਾਮੇ ਨੂੰ ਲਿਖਤੀ ਤੌਰ ਤੇ ਮੰਨਣ ਦਾ ਇਕਰਾਰ ਦਿੱਤਾ ਹੈ? ਦੇਖੀਏ ਰਹਿਤ ਮਰਯਾਦਾ ਵਿਚ ਉਪਰ ਦੱਸੇ ਹੁਕਮਨਾਮੇ ਅਨੁਸਾਰ ਕਦੋਂ ਤਬਦੀਲੀਆਂ ਕਰਕੇ ਇਸ ਹੁਕਮਨਾਮੇ ਅਨੁਸਾਰ ਸ਼ਰੋਮਣੀ ਕਮੇਟੀ ਕਿਵੇਂ ਤੇ ਕਦੋਂ ਤਬ-ਦੀਲੀਆਂ ਕਰਦੀ ਹੈ। ਵਿਸ਼ੇਸ਼ ਮਸਲਿਆਂ ਬਾਰੇ ਸੰਕੇਤ ਕਰ ਰਹੇ ਵਾਕਾਂ ਨੂੰ ਪਾਠਕ ਮੁੜ ਧਿਆਨ ਨਾਲ ਵਾਚਣ ਤੇ ਪੰਥ ਦੀ ਦਸ਼ਾ ਤੇ ਝਾਤੀ ਮਾਰਨ।

—ਗੁਰਦਿਤ ਸਿੰਘ ਗਿਆਨੀ

## (੨) ੯੬ ਕਰੋੜੀ ਹੁਕਮਨਾਮਾ, ਅਕਾਲ ਤਖ਼ਤ ਤੇ ਸ਼੍ਰੋਮਣੀ ਕਮੇਟੀ—

'ਪ੍ਰਕਾਸ਼' ਦੇ ਪਿਛਲੇਰੇ ਪਰਚੇ ਵਿੱਚ ਅਸੀਂ ਸ੍ਰੀ ਸੱਚਖੰਡ ਹਜ਼ੂਰ ਸਾਹਿਬ ਨੰਦੇੜ ਤੋਂ ਪਰਮ ਪੂਜਯ "ਸੁਲਤਾਨੁਲ ਕੌਮ, ਕੌਮ ਦੇ ਸ਼ਹਿਨਸ਼ਾਹ, ਉਜਲ ਦੀਦਾਰੀ ਜਥੇਦਾਰ ੯੬ਵੇਂ ਕਰੋੜੀ ਪੰਥ ਖ਼ਾਲਸਾ ਬੁੱਢਾ ਦੱਲ ਚਲਦਾ ਵਹੀਰ ਪੰਜਵਾਂ ਤਖ਼ਤ ਦਾ ਹੁਕਮਨਾਮਾ" ਸਿੱਖ ਸੰਗਤਾਂ ਦੇ ਦ੍ਰਿਸ਼ਟੀ ਗੋਚਰ ਉਨ੍ਹਾਂ ਦੇ ਹੂ-ਬ-ਹੂ ਸ਼ਬਦਾਂ ਵਿੱਚ ਪ੍ਰਕਾਸ਼ਤ ਕਰ ਦਿਤਾ ਸੀ। ਹੁਣ ਇਹੋ ਹੁਕਮਨਾਮਾ ਨੰਦੇੜ ਤੋਂ ਛਪ ਰਹੇ 'ਸੱਚ-ਖੰਡ ਦਰਸ਼ਨ' ਨਾਮੀ ਰਸਾਲੇ ਵਿਚ ਆਫੀਸ਼ਲ ਤੌਰ ਤੇ ਵੀ ਛਾਪ ਦਿਤਾ ਗਿਆ ਹੈ। ਇਸ ਪਰਚੇ ਦੇ ਏਸੇ ਅੰਕ (ਨਵੰਬਰ ੧੯੭੬) ਦੇ ਅਰੰਭਕ ਭਾਗ ਵਿੱਚ ਇਸ ਬਾਰੇ ਖੁਲ੍ਹੀ ਚਰਚਾ ਵੀ ਕੀਤੀ ਗਈ ਹੈ, ਜਿਸ ਵਿਚ ਹੈਡ ਪੁਜਾਰੀ ਤੇ ਉਸਦੇ ਪੱਖੀਆਂ ਵਲੋਂ ੨੭ ਅਕਤੂਬਰ ਨੂੰ ਬਾਰਾਂਦਰੀ (ਨੰਦੇੜ) ਵਿਚ ਕੀਤੇ ਗਏ ਦੀਵਾਨ ਵਿਚ ਤਕਰੀਰਾਂ ਦਾ ਸਾਰ ਅਤੇ ਮਤੇ ਪਾਸ ਕੀਤੇ ਦੱਸੇ ਗਏ ਹਨ। ਜਿਨ੍ਹਾਂ ਵਿਚ ਕੁਝ ਵਾਕ ਵਿਸ਼ੇਸ਼ ਧਿਆਨ ਦੇ ਪਾਤਰ ਹਨ, ਪੁਜਾਰੀਆਂ ਦੀ ਮੀਟਿੰਗ ਦੇ ਸਾਰੰਸ਼ ਦੇ ਇਹ ਭਾਗ ਹਨ:—

"ਬੁੱਢਾ ਦਲ ਦੀ ਕੋਈ ਪ੍ਰਮਾਣੀਕ ਹਸਤੀ ਨਹੀਂ ਹੈ ਅਤੇ ਇਨ੍ਹਾਂ ਨੂੰ ਕਿਸੇ ਪ੍ਰਕਾਰ ਦੀ ਮਾਨਤਾ ਨਹੀਂ ਦਿੱਤੀ ਜਾ ਸਕਦੀ, ਕਿਉਂਕਿ ਇਹ ਪੰਜਵਾਂ ਤਖ਼ਤ ਵੀ ਨਹੀਂ। ਸੋ ਨਾ ਹੀ ਇਨ੍ਹਾਂ ਦਾ ਫੈਸਲਾ ਮੰਨਿਆ ਜਾ ਸਕਦਾ ਹੈ।"

ਇਸੇ ਕਨਵੈਨਸ਼ਨ ਦੇ ਮਤਿਆਂ ਦਾ ਦੂਜਾ ਭਾਗ ਇੰਝ ਹੈ:—

"ਤਖ਼ਤ ਸੱਚਖੰਡ ਦੀ ਮਰਯਾਦਾ ਸ੍ਰੀਮਣੀ ਤੇ ਪ੍ਰਮਾਣੀਕ ਹੈ ਅਤੇ ਇਸ ਵਿਚ ਸੋਧ ਆਦਿ ਕਰਨ ਦਾ ਅਧਿਕਾਰ ਵੀ ਕੇਵਲ ਹਜ਼ੂਰੀ ਸੰਗਤ ਨੂੰ ਹੈ।"

ਇਸ ਤੋਂ ਅਗਲੇਰੇ ਸਫ਼ੇ ਉਤੇ ਦੱਸਿਆ ਹੈ ਕਿ ਪੰਥ ਦੀ ਪ੍ਰਮਾਣੀਕ ਹਸਤੀ ਅਤੇ ਪੰਥ ਦੀ ਧਰਮ ਧੁਜਾ ਸ਼ਰੋਮਣੀ ਪੰਥਅਕਾਲੀ ਬੁੱਢਾ ਦਲ ਦੇ ਜੱਥੇਦਾਰ ਜੀ ਦਾ ਫ਼ੈਸਲਾ ਤਥਾ ਹੁਕਮਨਾਮਾ ਛਾਪਿਆ ਗਿਆ ਹੈ ਜਿਸ ਵਿਚ ਉਭਰਵੇਂ ਸ਼ਬਦ ਜੋ 'ਅਸੀਂ' ਪਿਛਲੇਰੇ ਪਰਚੇ ਵਿਚ ਦਿਤੇ ਸਨ, ਮੁੜ ਵਿਚਾਰਨ ਵਾਲੇ ਹਨ:—

"ਪੰਥ ਦੀ ਇਸ ਅਧੋਗਤੀ ਨੂੰ ਤੱਕ ਕੇ ਪੰਥ



www.AKJ.Org

ਸੇਵਕ ਅਥਵਾ ਲੀਡਰ ਸ: ਗੁਰਚਰਨ ਸਿੰਘ ਟੌਹੜਾ ਪ੍ਰਧਾਨ ਸ਼੍ਰੋ. ਗੁ. ਪ੍ਰ. ਕਮੇਟੀ ਤੇ ਸੰਤ ਹਰਚੰਦ ਸਿੰਘ ਪ੍ਰਧਾਨ ਸ਼੍ਰੋ. ਅਕਾਲੀ ਦਲ ਨੇ ਸ਼ਰੋਮਣੀ ਪੰਥ ਅਕਾਲੀ ਬੁੱਢਾ ਦਲ ਪਾਸ ਬੇਨਤੀ ਕੀਤੀ ਤੇ ਕਿਹਾ ਕਿ ਪੰਜਵੇਂ ਤਖ਼ਤ ਦੇ ਜੱਥੇਦਾਰ ਸਾਹਿਬ ਲਈ ਇਸ ਪਾਸੇ ਧਿਆਨ ਦੇਣਾ ਜ਼ਰੂਰੀ ਹੋ ਗਿਆ ਸੀ ਜਿਸ ਕਾਰਨ ਸ਼ਰੋਮਣੀ ਪੰਥ ਅਕਾਲੀ ਦਲ ਨੂੰ ਪਹਿਲਾ ਹੁਕਮਨਾਮਾ ਅਬਚਲ ਨੱਗਰ ਨੂੰ ਵਹੀਰਾਂ ਘੱਤਣ ਦਾ ਜਾਰੀ ਕਰਨਾ ਪਿਆ ਤਾਂ ਜੁ ਪੰਥ ਦੋਖੀਆਂ ਨੂੰ ਸਿਧੇ ਰਾਹ ਪਾਇਆ ਜਾਵੇ। ਦੂਜਾ ਹੁਕਮਨਾਮਾ ਜੋ ਪਿਛਲੇ ਪਰਚੇ ਵਿਚ ਛਾਪਿਆ ਗਿਆ ਹੈ ਉਹ ਉਚੇਚੇ ਤੌਰ ਤੇ ੯੬ ਕਰੋੜੀ ਸ਼ਹਿਨਸ਼ਾਹ ਜੀ ਵਲੋਂ ਜਾਰੀ ਕੀਤਾ ਦੱਸਿਆ ਗਿਆ ਹੈ।

ਉਪਰੋਕਤ ਦੋਹਾਂ ਪਖਾਂ ਨੂੰ ਵਿਚਾਰਿਆਂ ਸੰਸਾ ਪੈਦਾ ਹੁੰਦਾ ਹੈ ਕਿ ਇਨ੍ਹਾਂ ਵਿਚੋਂ ਕਿਸ ਨੂੰ ਠੀਕ ਸਮਝਿਆ ਜਾਵੇ, ਇਸ ਬਾਰੇ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਸਪਸ਼ਟੀਕਰਨ ਜ਼ਰੂਰੀ ਹੋ ਗਿਆ ਹੈ। ਇਸ ਲੇਖ ਵਿਚ ਵਿਚਾਰਨ ਵਾਲੇ ਦੋ ਪ੍ਰਮੁਖ ਨੁਕਤੇ ਹਨ:

(੧) ਕੀ ਬੁੱਢਾ ਦਲ ਦੇ ਜਥੇਦਾਰ ਜੀ ਨੂੰ ਸ਼ਰੋਮਣੀ ਕਮੇਟੀ ਅਤੇ ਸ਼ਰੋਮਣੀ ਅਕਾਲੀ ਦਲ ਨੇ ਆਪਣੇ ਤੋਂ ਉਪਰ ਸੁਪਰੀਮ ਪਾਵਰ ਅਤੇ ਮਸਲਾ ਹੱਲ ਕਰਨ ਵਾਲੇ ਸਿਆਣੇ ਅਤੇ ਮਹਾਨ ਸਮਝ ਕੇ ਓਥੇ ਇਹ ਮਸਲਾ ਸੁਲਝਾਉਣ ਲਈ ਭੇਜਿਆ ਸੀ? ਜਿਵੇਂ ਕਿ ਛਿਆਨਵੇਂ ਕਰੋੜੀ ਜਥੇਦਾਰ ਜੀ ਦੇ 'ਹੁਕਮਨਾਮੇ' ਦੀ ਭੂਮਿਕਾ ਤੋਂ ਪ੍ਰਗਟ ਹੈ? ਸ਼ਰੋਮਣੀ ਕਮੇਟੀ ਚੂੰਕਿ ਹਾਲਾਂ ਤੱਕ ਇਸ ਮਸਲੇ ਬਾਰੇ ਮੋਨ ਹੈ, ਇਸ ਲਈ ਇਹ ਸਮਝਣਾ ਉਚਿੱਤ ਹੈ ਕਿ ਬੁੱਢਾ ਦਲ ਦੇ ਜਥੇਦਾਰ ਜੀ ਨੇ ਜੋ ਫੁਰਮਾਨ ਜਾਰੀ ਕੀਤਾ ਹੈ ਉਸ ਨੂੰ ਠੀਕ ਸਮਝਦੀ ਹੈ? ਤਾਂ ਇਸ ਬਾਰੇ ਕੀ ਪੁਜ਼ੀਸ਼ਨ ਹੈ? ਸ਼੍ਰੋ: ਕਮੇਟੀ ਦੇ ਮਾਨਯੋਗ ਮੁੱਖੀਆਂ ਨੇ ਇਹ ਨਹੀਂ ਪ੍ਰਗਟਾਈ।

(੨) ਕੀ ਸਿਖ ਸੰਗਤਾਂ ਇਹ ਸਮਝ ਕੇ ਪੰਥਕ ਰਹੁ-ਰੀਤ ਵੀ ਉਨ੍ਹਾਂ ਵਲੋਂ ਦੱਸੀ ਗਈ ਪ੍ਰਵਾਨ ਕਰਨ? ਅਤੇ ਜੋ ਹਜ਼ੂਰੀ ਖਾਲਸੇ ਨੇ ਫ਼ੈਸਲੇ ਕੀਤੇ ਹਨ ਉਨ੍ਹਾਂ ਦੀ ਕੀ ਹੈਸੀਅਤ ਹੈ?

ਸ਼ਰੋਮਣੀ ਕਮੇਟੀ ਨੇ ਕਈ ਵਰ੍ਹੇ ਖਰਚ ਕੇ ਪੰਥ ਦੇ ਚੋਣਵੇਂ ਵਿਦਵਾਨਾਂ ਦੀ ਕਮੇਟੀ ਸਥਾਪਿਤ ਕਰਕੇ ਇਕ ਰਹਿਤ ਮਰਯਾਦਾ ਦਾ ਖਰੜਾ ਤਿਆਰ ਕੀਤਾ ਸੀ ਜਿਸ ਨੂੰ ਦੋ ਤਿੰਨ ਵਾਰ ਸੋਧ ਕੇ ਪਬਲਿਕ ਰਾਏ ਲਈ ਛਾਪਿਆ ਗਿਆ। ਫਿਰ ਉਸ ਨੂੰ ਪ੍ਰਮਾਣੀਕ 'ਰਹਿਤ ਮਰਯਾਦਾ' ਦੇ ਰੂਪ ਵਿਚ ਪਰਵਾਨਿਆ ਗਿਆ ਤੇ ਲੱਖਾਂ ਦੀ ਗਿਣਤੀ ਵਿਚ ਇਸ ਸੈਂਚੀ ਨੂੰ ਛਾਪ ਕੇ ਸਿੱਖ ਸੰਗਤਾਂ ਵਿਚ ਵੰਡਿਆ ਗਿਆ ਹੈ। ਕੀ ਸ਼ਰੋਮਣੀ ਕਮੇਟੀ ਇਸੇ ਰਹਿਤ ਮਰਯਾਦਾ ਨੂੰ ਮੰਨਦੀ ਹੈ ਕਿ ਹੁਕਮਨਾਮੇ ਵਿਚ ਦੱਸੀ ਗਈ ਮਰਯਾਦਾ ਨੂੰ?

ਸ਼ਰੋਮਣੀ ਕਮੇਟੀ ਦਾ ਜੇ ਕੋਈ ਉੱਤਮ ਕਾਰਜ ਪ੍ਰਵਾਨ ਕਰਨ ਯੋਗ ਸਮੂੰਹ ਸਿੱਖ ਸੰਸਥਾਵਾਂ ਨੇ ਸਮਝਿਆ ਹੈ ਤਾਂ ਉਹ ਇਹ ਰਹਿਤ ਮਰਯਾਦਾ ਦਾ ਖਰੜਾ ਹੈ, ਜਿਸ ਨੂੰ ਪੰਥ ਪ੍ਰਸਿੱਧ ਹਸਤੀਆਂ ਨੇ ਵਰ੍ਹਿਆਂ ਦੀ ਘਾਲਣਾ ਪਿੱਛੋਂ ਸਿਰਜਿਆ ਅਤੇ ਪੰਥਕ ਤੌਰ ਤੇ ਪ੍ਰਵਾਨ ਕੀਤਾ। ਅਕਾਲ ਤਖ਼ਤ ਦੀ ਮਰਯਾਦਾ ਇਸ ਅਨੁਸਾਰ ਚਾਲੂ ਕੀਤੀ ਗਈ। ਇਕ ਅੱਧ ਗੱਲ ਭਾਵੇਂ ਹੋਰ ਵਿਚਾਰਨ ਯੋਗ ਹੈ, ਜਿਵੇਂ ਅਨੰਦ ਸਾਹਿਬ ਦਾ ਅੰਮ੍ਰਿਤ ਬਾਣੀਆਂ ਵਿੱਚ ਪੂਰਾ ਨਾ ਪੜ੍ਹੇ ਜਾਣਾ, ਪਰ ਇਸ ਲਈ ਇਤਿ-ਹਾਸਕ ਤੇ ਰਵਾਇਤੀ ਪ੍ਰਮਾਣ ਪੇਸ਼ ਕਰਨ ਤੋਂ ਹੀ ਕੋਈ ਅਦਲਾ ਬਦਲੀ ਕੀਤੀ ਜਾਣੀ ਚਾਹੀਦੀ ਹੈ, ਇਹ ਧੱਕੇ ਤੇ ਹੁੱਜਤਾਂ ਨਾਲ ਪ੍ਰਵਾਨ ਕਰਨ ਕਰਾਉਣ ਵਾਲੇ ਫ਼ੈਸਲੇ ਨਹੀਂ। ਇਹ ਪ੍ਰਸਪਰ ਵਿਚਾਰ ਨਾਲ ਨਜਿੱਠਣ ਵਾਲੀਆਂ ਹਕੀਕਤਾਂ ਹਨ, ਜਿਨ੍ਹਾਂ ਉਤੇ ਕੌਮੀ ਦਿਮਾਗ ਦੇ ਕਈ ਵਰ੍ਹੇ ਖਰਚ ਹੋਏ ਅਤੇ ਵੱਧ ਤੋਂ ਵੱਧ ਸਜਣਾਂ ਦੇ ਵਿਚਾਰ ਵਟਾਂਦਰੇ ਦੇ ਮੇਲ ਨਾਲ ਇਕ ਧੁਰਵਾ ਬੰਨ੍ਹਿਆ ਸੀ। ਸ੍ਰੀ ਅਕਾਲ ਤਖ਼ਤ ਸਾਹਿਬ ਵਲੋਂ ਇਹ ਰਹਿਤ ਮਰਯਾਦਾ ਤਿਆਰ ਕਰਾਈ ਗਈ ਸੀ। ਪ੍ਰੋ. ਤੇਜਾ ਸਿੰਘ ਜੀ ਇਸ ਖਰੜੇ ਦੇ ਮੂਲ ਸਿੰਚਾਲਕ ਸਨ। ਉਨ੍ਹਾਂ ਦੀ ਮਦਦ ਲਈ ਭਾਈ ਕਾਨ੍ਹ ਸਿੰਘ ਨਾਭਾ, ਗਿਆਨੀ ਸ਼ੇਰ ਸਿੰਘ, ਜ: ਤੇਜਾ



www.AKJ.Org

ਸਿੰਘ, ਜੱਥੇਦਾਰ ਮੋਹਨ ਸਿੰਘ ਤੇ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਵਾਰੋ ਵਾਰੀ ਕਈ ਲਏ ਗਏ ਸਨ। ਖਾਲਸਾ ਕਾਲਜ ਦੇ ਪ੍ਰੋਫੈਸਰ ਭਾਈ ਜੋਧ ਸਿੰਘ, ਬਾਵਾ ਹਰਿਕਿਸ਼ਨ ਸਿੰਘ, ਪ੍ਰੋ. ਨਿਰੰਜਨ ਸਿੰਘ, ਅਕਾਲੀ ਕੌਰ ਸਿੰਘ ਆਦਿ ਵਿਦਵਾਨ ਵੀ ਉਸ ਕਮੇਟੀ ਵਿਚ ਸ਼ਾਮਲ ਸਨ। ਸ਼ਰੋਮਣੀ ਕਮੇਟੀ ਵੀ ਇਸ ਕੀਮਤੀ ਦਸਤਾਵੇਜ਼ ਤੋਂ ਜੇ ਕੁਝ ਵਿਅੱਕਤੀਆਂ ਦੇ ਗੁਜ਼ਰ ਜਾਣ ਤੋਂ ਕੰਨੀਂ ਕਤਰਾਏਗੀ ਤੇ ਪੰਥਕ ਮਸਲਿਆਂ ਦਾ ਬੁਰਾ ਹਸ਼ਰ ਇਸ ਤਰ੍ਹਾਂ ਹੋਣ ਦੀ ਇੰਝ ਰੀਤ ਚਲ ਪਈ ਤਾਂ ਕੋਈ ਵੀ ਚੀਜ਼ ਸਥਿਰ ਨਹੀਂ ਰਹੇਗੀ। ਵਰਤਮਾਨ ਸ਼ਰੋਮਣੀ ਕਮੇਟੀ ਨੂੰ ਆਪਣੀਆਂ ਪ੍ਰਾਪਤੀਆਂ ਕਈ ਖੇਤਰਾਂ ਵਿਚ ਸਾਖਿਆਤ ਕਰਨ ਲਈ, ਕਈਆਂ ਨਾਲ ਤੋੜ ਵਿਛੋੜਾ ਤੇ ਕਈਆਂ ਨੂੰ ਸੀਸ ਉਤੇ ਬਿਠਾਉਣਾ ਉਨ੍ਹਾਂ ਦੀ ਨੀਤੀ ਜੇ ਹਰ ਤਰ੍ਹਾਂ ਜਾਇਜ਼ ਹੈ ਤਾਂ ਇਸ ਬਾਰੇ ਅਸੀਂ ਕੁਝ ਨਹੀਂ ਆਖਣਾ ? ਅਜਿਹੀ ਨੀਤੀ ਉਤੇ ਕਿਸੇ ਟੀਕਾ-ਟਿਪਣੀ ਦੀ ਵੀ ਲੋੜ ਨਹੀਂ, ਪਰ ਪੰਥਕ ਰਹਿਤ ਮਰਯਾਦਾ ਦੀਆਂ ਬੁਨਿਆਦੀ ਇੱਟਾਂ ਨੂੰ ਤਾਂ ਇਹ ਪੰਥਕ ਆਗੂ, ਹਿਲਾਉਣ ਵਾਲਿਆਂ ਬਾਰੇ ਇਤਨੀ ਗੰਭੀਰ ਚੁੱਪ ਨਾ ਧਾਰਨ ? ਸ਼ਰੋਮਣੀ ਕਮੇਟੀ ਤਾਂ ਸੰਸੇ ਨਵਿਰਤ ਕਰਨ ਵਾਲੀ ਸੰਸਥਾ ਹੈ।

ਕੇਂਦਰੀ ਸਿੰਘ ਸਭਾ ਜਿਹੀਆਂ ਸੰਸਥਾਵਾਂ, ਜੋ ਕਈ ਮਸਲਿਆਂ ਵਿੱਚ ਸ਼ਰੋਮਣੀ ਕਮੇਟੀ ਦੀਆਂ ਪਿਛਲਗ ਕਹੋ ਜਾਂ ਉਨ੍ਹਾਂ ਦੇ ਸੁਚੱਜੇ ਕਾਰਜ ਨੂੰ ਅੱਗੇ ਵਧਾਉਣ ਲਈ ਕਾਰਜ ਕਰ ਰਹੀਆਂ ਹਨ, ਅਜਿਹੇ ਫ਼ੈਸਲਿਆਂ ਦੇ ਸਾਹਮਣੇ ਆ ਜਾਣ ਤੋਂ ਸਖਤ ਉਲਝਣ ਵਿਚ ਪੈ ਗਈਆਂ ਹਨ। ਆਸ਼ਾ ਰਖਦੇ ਹਾਂ ਸ਼ਰੋਮਣੀ ਕਮੇਟੀ ਵਲੋਂ ਸਪੱਸ਼ਟ ਐਲਾਨ ਕਰ ਕੇ ਅਸਲੀਅਤ ਪ੍ਰਗਟਾਈ ਜਾਵੇਗੀ। ਜਿਵੇਂ ਦਸਿਆ ਜਾ ਚੁਕਾ ਹੈ ਮੂਲ ਰੂਪ ਵਿੱਚ ਇਸ ਰਹਿਤ ਮਰਯਾਦਾ ਦਾ ਸਿਰਜਣਹਾਰ, ਅਕਾਲ ਤਖਤ ਹੈ, ਜਿਸ ਦੇ ਜੱਥੇਦਾਰ ਤੇਜਾ ਸਿੰਘ 'ਅਕਰਪੁਰੀ' ਰਾਹੀਂ ਇਸ ਮਰਯਾਦਾ ਨੂੰ ਸਰੰਜਾਮ ਦੇਣ ਦੇ ਆਰੰਭਕ ਪ੍ਰਬੰਧ ਸ਼ਰੋਮਣੀ ਕਮੇਟੀ ਦੀਆਂ ਹਦਾਇਤਾਂ ਅਨੁਸਾਰ ਕੀਤੇ ਗਏ ਸਨ। ਉਸ ਪਿਛੋਂ ਜਿੰਨੇ ਵੀ ਜੱਥੇਦਾਰ ਹੋਏ, ਸਭਨਾਂ ਨੇ ਇਸ ਮਰਯਾਦਾ ਦੀ ਨਾ ਸਿਰਫ ਪਾਲਣਾ ਕੀਤੀ ਬਲਕਿ ਕਈ ਸਮਿਆਂ ਉਤੇ ਰੱਖਿਆ ਵੀ। ਜੱਥੇਦਾਰ ਮੋਹਨ ਸਿੰਘ ਨਾਗੋਕੇ ਨੇ ਅਜਿਹੇ ਉਦਮ ਵੀ ਕੀਤੇ ਜਿਨ੍ਹਾਂ ਨਾਲ ਇਸ ਮਰਯਾਦਾ ਨੂੰ ਸਾਰੇ ਗੁਰਧਾਮਾਂ ਉਤੇ ਲਾਗੂ ਕਰਨ ਦਾ ਫ਼ੈਸਲਾ ਹੋਇਆ। ਤਕਰੀਬਨ ਸਮੂੰਹ ਗੁਰਧਾਮਾਂ, ਜੋ ਸ਼ਰੋਮਣੀ ਕਮੇਟੀ ਦੇ ਮਾਤਹਿਤ ਹਨ, ਸਮੇਤ ਤਖ਼ਤ ਕੇਸਗੜ੍ਹ ਅਤੇ ਦਮਦਮਾ ਸਾਹਿਬ ਦੇ ਥੋੜੀ ਵਾਧ ਘਾਟ ਨਾਲ ਇਹ ਮਰਯਾਦਾ ਚਾਲੂ ਹੋ ਰਹੀ ਹੈ। ਲੋੜ ਇਹ ਅਨੁਭਵ ਕੀਤੀ ਜਾ ਰਹੀ ਸੀ ਕਿ ਸ਼ਰੋਮਣੀ ਕਮੇਟੀ ਦੇ ਬਲ ਬੋਤੇ ਨਾਲ ਪਟਨਾ ਸਾਹਿਬ ਤੇ ਹਜ਼ੂਰ ਸਾਹਿਬ ਵੀ ਅਕਾਲ ਤਖਤ ਵਾਲੀ ਪੰਥਕ ਰਹਿਤ ਮਰਯਾਦਾ ਲਾਗੂ ਕੀਤੀ ਜਾਵੇ। ਤਖ਼ਤ ਪਟਨਾ ਸਾਹਿਬ ਵਿਖੇ ਵੀ ਪੁਜਾਰੀਵਾਦ ਕਾਫੀ ਹੈ ਅਤੇ ਹੁਣ ਕੁਝ ਵਰ੍ਹਿਆਂ ਤੋਂ ਹੋਰ ਵਧਿਆ ਹੈ, ਪਰ ਹਜ਼ੂਰ ਸਾਹਿਬ ਦੀ ਮਰਯਾਦਾ ਨੂੰ ਦੇਖ ਕੇ ਤਾਂ ਇੰਝ ਲਗਦਾ ਹੈ ਜਿਵੇਂ ਕੋਈ ਗੁਰ ਸਥਾਨ ਨਾ ਹੁੰਦਾ ਹੋਇਆ, ਤਾਂਤ੍ਰਿਕ ਮਤੀ ਮੰਦਰ ਹੋਵੇ ? ਬਜਾਇ ਇਸ ਦੇ ਕੋਈ ਇਸ ਰਹੁ-ਰੀਤ ਵਿਚ ਸੁਧਾਰ ਹੁੰਦੇ, ਛਿਆਨਵੇਂ ਕਰੋੜੀ ਜੱਥੇਦਾਰ ਜੀ ਨੇ ਆਪਣੇ ਸ਼ਹਿਨਸਾਹੀ ਹੁਕਮਨਾਮੇ ਵਿੱਚ, ਸੁਖੇ ਭੋਗ ਦਾ ਜਾਇਜ਼, ਚੌਟੰਗੇ ਦੇ ਖ਼ੂਨ ਦੇ ਤਿਲਕ ਸ਼ਾਸਤਰਾਂ ਨੂੰ ਲਗਾਉਣੇ ਗੁਰਮਤ ਅਤੇ ਸ਼ਸਤ੍ਰ ਪੂਜਾ ਨੂੰ ਇਸ਼ਟ-ਪੂਜਾ ਦਾ ਦਰਜਾ ਦਿਤਾ ਹੈ। ਬੀਬੀਆਂ ਨੂੰ ਕਿਰਪਾਨ ਦਾ ਅੰਮ੍ਰਿਤ ਛਕਾਉਣਾ ਹੀ ਜਾਇਜ਼ ਕਰਾਰ ਦੇ ਛੱਡਿਆ ਹੈ। ਨਾਲ ਹੀ ਇਸ ਹੁਕਮਨਾਮੇ ਵਿਚ ਛੂਤ ਛਾਤ ਦਾ ਵਰਤਾਰਾ ਵੀ ਜ਼ਾਇਜ਼ ਕਰਾਰ ਦਿੱਤਾ ਹੈ। ਦੂਜੀਆਂ ਜਾਤੀਆਂ ਯਾਣੀਂ ਰਵਿਦਾਸੀਆਂ ਅਤੇ ਮਜ਼ਹਬੀਆਂ ਨੂੰ ਅੰਮ੍ਰਿਤ ਵੱਖ ਛਕਾਉਣ ਦੀਆਂ ਹਿਦਾਇਤਾਂ ਫੁਰਮਾਈਆਂ ਗਈਆਂ ਹਨ। ਗੁਰਬਾਣੀ ਤਾਂ ਕਹਿੰਦੀ ਹੈ, ਅੰਮ੍ਰਿਤ ਇਕ ਹੈ। 'ਨਾਨਕ ਅੰਮ੍ਰਿਤੁ ਏਕੁ ਹੈ' ਪਰ ਸਾਡੇ ਪੰਥ ਖਾਲਸਾ ਬੁੱਢਾ ਦਲ ਦੇ ਸ਼ਹਿਨਸ਼ਾਹ ਦਾ ਫੁਰਮਾਣ ਹੈ ਕਿ ਅੰਮ੍ਰਿਤ ਤਿੰਨ ਹਨ: ਅਛੂਤਾਂ ਲਈ ਵੱਖਰਾ, ਬੀਬੀਆਂ ਲਈ ਕ੍ਰਿਪਾਨ ਦਾ ਅਤੇ ਆਮ ਜਨਤਾ ਤੇ ਗੈਰ ਅਛੂਤਾਂ ਲਈ ਵੱਖਰਾ। ਜੇ ਸ਼ਰੋਮਣੀ ਕਮੇਟੀ ਅਤੇ ਸ਼ਰੋਮਣੀ ਅਕਾਲੀ ਦਲ ਨੇ ਬੁੱਢਾ



www.AKJ.Org

ਦਲ ਨੂੰ ਸਚ ਮੁੱਚ ਸੁਧਾਰ ਲਈ ਭੇਜਿਆ ਸੀ ਤਾਂ ਇਸ ਨਾਲੋਂ 'ਵੱਡਾ ਸੁਧਾਰ' ਹੋਰ ਕੀ ਹੋ ਸਕਦਾ ਹੈ ਜੋ ਉਨ੍ਹ ਨੇ ਉਚੇਚੇ ਹੁਕਮਨਾਮੇ ਨਾਲ ਕਰ ਦਿਤਾ ਹੈ? ਗੁਰੂ ਗ੍ਰੰਥ ਸਾਹਿਬ ਦੇ ਨਾਲ ਇਹ ਵੀ ਹੁਕਮ ਹੈ ਕਿ ਦਸਮ ਗ੍ਰੰਥ ਵੀ ਪ੍ਰਕਾਸ਼ ਕੀਤਾ ਜਾਵੇ ਅਤੇ ਨਾਲ ਹੀ ਹੁਕਮਨਾਮੇ ਵੀ ਦੋਵੇਂ ਧਰਮ-ਪੁਸਤਕਾਂ ਵਿਚੋਂ ਲਏ ਜਾਣ, ਭਾਵੇਂ ਉਹ ਹੁਕਮ ਤ੍ਰਿਯਾ ਚਰਿਤ੍ਰਾਂ ਦੇ ਉਨ੍ਹਾਂ ਸਫਿਆਂ ਵਿਚੋਂ ਹੀ ਕਿਉਂ ਨ ਆ ਜਾਣ ਜਿਥੇ ਕੋਕ-ਸਾਸ਼ਤ੍ਰ ਦੀਆਂ ਕਾਮਕ ਵਿਧੀਆਂ ਨਾਲ ਨਾਇਕ ਨਾਇਕਾ ਸੰਭੋਗ ਕਰਦੇ ਸਵਾਦ ਲਾ ਲਾ ਕੇ ਦਰਸਾਏ ਗਏ ਹਨ। (ਧੰਨ ਸਿੱਖੀ ?) ਯਾਦ ਰਹੇ, ਦਸਮ ਗ੍ਰੰਥ ਸੰਬੰਧੀ ਵੀ ਅਕਾਲ ਤਖ਼ਤ ਤੋਂ ਫ਼ੈਸਲਾ ਹੋ ਚੁਕਿਆ ਹੈ ਕਿ ਦਸਮ ਗ੍ਰੰਥ ਦਾ ਕਿਤੇ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਾਂਗ ਪਾਠ ਨਾ ਕੀਤਾ ਜਾਵੇ ਅਤੇ ਨਾ ਹੀ ਇਸ ਗ੍ਰੰਥ ਨੂੰ ਗੁਰੂ ਗ੍ਰੰਥ ਸਾਹਿਬ ਜੀ ਦੇ ਬਰਾਬਰ ਪ੍ਰਕਾਸ਼ ਕੀਤਾ ਜਾਵੇ। ਕੁਝ ਹੋਰ ਗੱਲਾਂ ਇਸ ਹੁਕਮਨਾਮੇ ਵਿੱਚ ਅਜਿਹੀਆਂ ਹਨ ਜੋ ਸ਼ਰੋਮਣੀ ਕਮੇਟੀ, ਅਕਾਲ ਤਖ਼ਤ ਦੀ ਅਥਾਰਟੀ ਨੂੰ ਸਮੁੱਚੇ ਰੂਪ ਵਿਚ ਵੰਗਾਰਦੀਆਂ ਹਨ। ਸਾਡੇ 'ਪੰਥਕ ਆਗੂਆਂ ਨੂੰ' ਪਤਾ ਨਹੀਂ ਦੜ੍ਹ-ਵਟ-ਪਾਲਸੀ ਜਾਂ ਨੀਤੀ ਏਨੀ ਪਿਆਰੀ ਹੈ ਕਿ ਧਰਮ ਜਿਵੇਂ ਦੂਜੇ ਦਰਜੇ ਦੀ ਗੱਲ ਵੀ ਨਹੀਂ ਰਹਿ ਗਿਆ ? ਭਾਵੇਂ ਕੋਈ ਉਨ੍ਹਾਂ ਦੀ ਹਸਤੀ ਨੂੰ ਹੀ ਕਿਉਂ ਨਾ ਵੰਗਾਰੇ ਅਤੇ ਸਰਪਾਸ ਕਰ ਜਾਵੇ। ਅਸੀਂ ਅਤਿ ਅਧੀਨਗੀ ਨਾਲ ਸ਼ਰੋਮਣੀ ਕਮੇਟੀ, ਸ੍ਰੀ ਅਕਾਲ ਤਖ਼ਤ ਦੇ ਮੁਖੀਆਂ ਨੂੰ ਆਖਣਾ ਚਾਹੁੰਦੇ ਹਾਂ ਕਿ ਇਹ ਚੁੱਪ ਬਹੁਤ ਗੰਭੀਰ ਸਿੱਟੇ ਪੈਦਾ ਕਰੇਗੀ। ਧਾਰਮਕ ਅਥਾਰਟੀ ਹੋਣ ਦਾ ਮਾਣ ਜੋ ਇਸ ਵੇਲੇ ਅਕਾਲ ਤਖ਼ਤ ਸਾਹਿਬ ਨੂੰ ਪ੍ਰਾਪਤ ਹੈ ਜੇ ਉਹ ਗੁਆਚ ਗਿਆ ਜਾਂ ਉਸਨੂੰ ਹਰ ਕਿਸੇ ਨੂੰ ਵੰਗਾਰਨ ਦੀ ਖੁੱਲ੍ਹ ਦੇ ਦਿੱਤੀ ਤਾਂ ਸਾਰੀ ਕੀਤੀ ਕਤਰੀ ਖੂਹ ਪਵੇਗੀ ਤੇ ਬੱਝੇ ਹੋਏ ਧੁਰਵੇ ਦਾ ਤੀਲਾ ਤੀਲਾ ਹੋ ਜਾਵੇਗਾ। ਅਗਲੀ ਵਸਤੂ ਤਾਂ ਜਦੋਂ ਮਿਲੇਗੀ ਮਿਲੇਗੀ ਹੀ, ਇਹ ਧਾਰਮਕ ਸੱਤਾ ਵੀ ਨਹੀਂ ਰਹਿਣੀ, ਕਿਉਂਕਿ 'ਪੰਥ' ਕੁਝ ਕੁ ਵਿਅੱਕਤੀਆਂ ਦਾ ਨਾਮ ਨਹੀਂ, ਇਕ ਵਿਚਾਰਪ੍ਰਵਾਹ ਦਾ ਨਾਮ ਹੈ। ਵਿਅੱਕਤੀ ਆਉਂਦੇ ਜਾਂਦੇ ਰਹਿੰਦੇ ਹਨ, ਪੰਥਕ ਸ਼ਕਤੀ ਦਾ ਸਰੂਪ ਤੇ ਵਜੂਦ ਵਗਦੀ ਨਦੀ ਵਾਂਗ ਜਾਰੀ ਰਹਿੰਦਾ ਹੈ। ਗਲਤ ਗੱਲਾਂ ਕੂੜੇ ਕਰਕਟ ਵਾਂਗ ਖਾਲਸਾ ਪੰਥ ਕੰਢਿਆਂ ਉਤੋਂ ਦੀ ਵਗਾਹ ਸੁੱਟਦਾ ਰਿਹਾ ਹੈ। ਪਰ ਵਿਅਕਤੀਆਂ ਦੇ ਕਲੰਕ ਜ਼ਮਾਨਾ ਧੋਂਦਾ ਨਹੀਂ, ਸਗੋਂ ਪੱਕੇ ਕਰਦਾ ਜਾਂਦਾ ਹੈ।

—ਗੁਰਦਿਤ ਸਿੰਘ ਗਿਆਨੀ

## *(ਅ) ਸਪਤਾਹਕ 'ਰਣਜੀਤ' ਬੰਬੇ—*

### (੧) ਸਚਿਖੰਡ ਬਾਰੇ ਬੁੱਢਾ ਦਲ ਦਾ ਫ਼ੈਸਲਾ

ਸਚਿਖੰਡ ਸ੍ਰੀ ਹਜ਼ੂਰ ਸਾਹਿਬ ਦੀ ਮਰਯਾਦਾ ਸਬੰਧੀ ਚਲ ਰਹੇ ਚਿਰਾਂ ਤੋਂ ਵਾਦ-ਵਿਵਾਦ ਬਾਰੇ ਪੰਥ ਅਕਾਲੀ ਬੁਢਾ ਦਲ ਦੇ ਜਥੇਦਾਰ ਸੰਤਾ ਸਿੰਘ ਨੇ ਜੋ ਫੈਸਲਾ ਦਿਤਾ ਹੈ ਉਸਨੂੰ ਪਰਵਾਨ ਕਰਦਿਆਂ ਸ: ਰਲਾ ਸਿੰਘ ਸਪੈਸ਼ਲ ਆਫ਼ੀਸਰ ਨੇ ੨੭ ਅਕਤੂਬਰ ਨੂੰ ਹੋ ਰਹੀ ਪੰਥਕ ਕਨਵੈਨਸ਼ਨ ਨੂੰ ਮੁਲਤਵੀ ਕਰ ਦਿਤਾ ਸੀ। ਜਥੇਦਾਰ ਸੰਤਾ ਸਿੰਘ ਦਾ ਫ਼ੈਸਲਾ ਅਸੀਂ ਹੂਬਹੂ ਅੰਦਰ† ਛਾਪ ਰਹੇ ਹਾਂ ਤਾਕਿ ਸੰਗਤਾਂ ਨੂੰ ਇਸ ਮਾਮਲੇ ਸੰਬੰਧੀ ਪੂਰੀ ਜਾਣਕਾਰੀ ਪ੍ਰਾਪਤ ਹੋ ਸਕੇ ਕਿ ਜਥੇਦਾਰ ਜੀ ਦਾ ਕੀ ਹੁਕਮਨਾਮਾ ਹੈ।

ਜਥੇਦਾਰ ਜੀ ਦਾ ਹੁਕਮਨਾਮਾ ਕਾਫ਼ੀ ਵਡਾ ਹੈ। ਅਸੀਂ ਬਹੁਤੇ ਵਿਸਥਾਰ ਵਿਚ ਨਹੀਂ ਪੈਣਾ ਚਾਹੁੰਦੇ, ਕਿਉਂਕਿ ਇਹ ਮਾਮਲਾ ਵੀ ਰੇਸ਼ਮ ਦੀਆਂ ਤੰਦਾਂ ਵਾਂਗੂ ਹੋਰ ਉਲਝਦਾ ਜਾ ਰਿਹਾ ਹੈ। ਚਾਹੀਦਾ ਤਾਂ ਇਹ ਸੀ ਕਿ ਸਿਖਾਂ ਦੀ ਸਭ ਤੋਂ ਵੱਡੀ ਧਾਰਮਕ ਜਥੇਬੰਦੀ ਸ਼ਰੋਮਣੀ ਕਮੇਟੀ ਸਾਰੇ ਤਖ਼ਤਾਂ ਦੀਆਂ ਚਲ ਰਹੀਆਂ ਮਰਯਾਦਾਵਾਂ ਵਿਚ ਇਕ-ਸਾਰਤਾ ਲਿਆਣ ਲਈ ਕੋਈ ਉਪਰਾਲਾ ਕਰਦੀ। ਕਿਹਾ ਚੰਗਾ ਹੁੰਦਾ ਕਿ ਉਹ ਪੰਜੇ ਤਖ਼ਤ ਸਾਹਿਬਾਂ ਦੇ ਜਥੇਦਾਰਾਂ ਅਥਵਾ ਉਥੋਂ ਦੇ ਪੰਜ ਪਿਆਰਿਆਂ ਤੇ ਹੋਰ ਧਾਰਮਿਕ ਸਲਾਹਕਾਰਾਂ ਤੇ ਪੰਥ ਦੇ ਪ੍ਰਸਿਧ ਵਿਦਵਾਨਾਂ ਦੀ ਇਕ ਸਾਂਝੀ ਕਨਵੈਨਸ਼ਨ ਬੁਲਾ ਕੇ ਫ਼ੈਸਲਾ ਕਰਦੀ, ਪ੍ਰੰਤੂ ਕਿਉਂਕਿ ਸ਼ਰੋਮਣੀ

†ਪਿਛਲੇ ਸਫ਼ਿਆਂ ਵਿਚ ਦਿਤਾ ਗਿਆ ਹੈ।



www.AKJ.Org

ਗੁਰਦੁਆਰਾ ਪਰਬੰਧਕ ਕਮੇਟੀ ਦੇ ਪ੍ਰਬੰਧਕ ਖ਼ੁਦ ਹੀ ਸਿਆਸੀ ਤਾਣੀ ਵਿਚ ਬੁਲਝ ਪੁਲਝ ਗਏ ਹਨ, ਅਤੇ ਪੰਥ ਨੂੰ ਸਹੀ ਰਸਤਾ ਦਿਖਾਣ ਵਾਲਾ ਕੋਈ ਨਹੀਂ ਰਹਿ ਗਿਆ, ਇਸੇ ਕਾਰਨ ਇਹ ਧਾਰਮਕ ਮਸਲੇ ਹੋਰ ਪੇਚੀਦਾ ਹੁੰਦੇ ਜਾ ਰਹੇ ਹਨ। ਅਸਾਡੀ ਰਾਇ ਵਿਚ ਸਚਖੰਡ ਸ੍ਰੀ ਹਜ਼ੂਰ ਸਾਹਿਬ ਦਾ ਮਸਲਾ ਜਥੇਦਾਰ ੯੬ਕਰੋੜੀ ਬਾਬਾ ਸੰਤਾ ਸਿੰਘ ਦੇ ਹੁਕਮਨਾਮੇ ਜਾਰੀ ਕਰਨ ਨਾਲ ਹਲ ਨਹੀਂ ਹੋ ਜਾਂਦਾ। ਇਹ ਫ਼ੈਸਲਾ ਨਿਹੰਗੀ ਦ੍ਰਿਸ਼ਟੀਕੋਣ ਤੋਂ ਭਾਵੇਂ ਠੀਕ ਹੋਵੇਗਾ ਕਿਉਂਕਿ ਅਜੋਕੇ ਯੁਗ 'ਚ ਭੰਗ ਘੋਟ ਕੇ ਗੁਰੂ ਮਹਾਰਾਜ ਨੂੰ ਭੋਗ ਲਾਣਾ, ਬਕਰਿਆਂ ਨੂੰ ਝਟਕਾ ਕੇ ਸ਼ਸਤਰਾਂ ਨੂੰ ਤਿਲਕ ਲਾਣਾ, ਸ੍ਰੀ ਅਖੰਡ ਪਾਠ ਦੇ ਸਮੇਂ ਨਾਰੀਅਲ ਤੇ ਕੁੰਭ ਰਖਣੇ ਇਤਿਆਦਿ ਰੀਤਾਂ ਇਹ ਸਭ ਮਰਿਆਦਾ ਵੀ ਪੁਰਾਣੀ ਬ੍ਰਹਿਮਣੀ ਮਤ ਅਥਵਾ ਦੇਵੀ ਦੇ ਪੁਜਾਰੀਆਂ ਦੀਆਂ ਹਨ। ਆਮ ਸਿਖ ਸੰਗਤਾਂ ਦੇ ਜੀਵਨ ਅਥਵਾ ਵਰਤੋਂ ਵਿਚ ਨਹੀਂ ਆਉਂਦੀਆਂ, ਇਸ ਲਈ ਇਹ ਰਵਾਇਤਾਂ ਭਾਵੇਂ ਲੋਕਲ ਪੁਜਾਰੀ ਅਥਵਾ ਨਿਹੰਗ ਸ਼ਰੇਣੀ ਨੂੰ ਫ਼ਿਟ ਬੈਠਦੀਆਂ ਹੋਣ, ਆਮ ਸਿਖ ਸੰਗਤਾਂ, ਪੜ੍ਹੇ ਲਿਖੇ ਸੂਝਵਾਨ ਤੇ ਸਿਆਣੇ ਲੋਕਾਂ ਨੂੰ ਇਹ ਰੀਤਾਂ ਪ੍ਰਵਾਨ ਨਹਾਂ।

ਇਸ ਤੋਂ ਇਲਾਵਾ ਅਕਾਲੀ ਬੁਢਾ ਦਲ ਦੇ ਜਥੇਦਾਰ ਸੰਤਾ ਸਿੰਘ ਜੀ ਆਪਣੇ ਆਪ ਨੂੰ ਪੰਜਵੇਂ ਤਖ਼ਤ ਅਤੇ ਸਭ ਤੋਂ ਸ਼ਰੋਮਣੀ ਤਖ਼ਤ ਦੇ ਮਾਲਕ ਅਖਵਾਂਦੇ ਹਨ। ਉਨ੍ਹਾਂ ਇਹ ਵੀ ਟਿਥੇ ਕਿਹਾ ਹੈ ਕਿ ਉਨ੍ਹਾਂ ਦਾ ਫ਼ੈਸਲਾ ਜਾਂ ਹੁਕਮਨਾਮਾ ਕੋਈ ਅਕਾਲ ਤਖ਼ਤ ਰਦ ਨਹੀਂ ਕਰ ਸਕਦਾ, ਅਤੇ ਇਨ੍ਹਾਂ ਨੂੰ ਇਹ ਅਧਿਕਾਰ ਹਨ ਕਿ ਹੋਰ ਤਖ਼ਤਾਂ ਤੇ ਲਗੀ ਤਨਖ਼ਾਹ ਨੂੰ ਇਹ ਮੁਆਫ਼ ਕਰ ਦੇਣ, ਪਰੰਤੂ ਇਨ੍ਹਾਂ ਵਲੋਂ ਲਗੀ ਤਨਖ਼ਾਹ ਨੂੰ ਕੋਈ ਨਹੀਂ ਬਖ਼ਸ਼ ਸਕਦਾ।

ਇਸ ਚਲਦੇ ਵਹੀਰ ਦੇ ਸ਼ਰੋਮਣੀ ਅਥਵਾ ਪੰਜਵੇਂ ਤਖ਼ਤ ਦੇ ਇਖ਼ਤਿਆਰ ਕਿਥੋਂ ਤਕ ਠੀਕ ਹਨ, ਇਸ ਬਾਰੇ ਸਾਨੂੰ ਕੋਈ ਗਿਆਨ ਨਹੀਂ। ਜੋ ਰੋਜ਼ਾਨਾ ਅਰਦਾਸ ਪੰਜ ਤਖ਼ਤਾਂ ਦੀ ਹੁੰਦੀ ਹੈ ਅਤੇ ਪੰਜਵਾਂ ਤਖ਼ਤ ਤਾਂ ਗੁਰੂ ਕੀ ਕਾਂਸ਼ੀ ਪ੍ਰਚਲਤ ਕੀਤਾ ਗਿਆ ਹੈ, ਜਿਸ ਬਾਰੇ ਗਿ: ਗੁਰਦਿਤ ਸਿੰਘ ਨੇ ਭਾਰੀ ਖੋਜ ਕਰ ਕੇ ਪੰਥ ਤੋਂ ਪ੍ਰਵਾਨਗੀ ਕਰਾਈ ਸੀ। ਪਰੰਤੂ ਜਥੇਦਾਰ ਸਾਹਿਬ ਆਪਣੇ ਚਲਦੇ ਵਹੀਰ ਨੂੰ ਹੀ ਪੰਜਵਾਂ ਤਖ਼ਤ ਸਦਾਂਦੇ ਹਨ ਅਤੇ ਹੋਰ ਤਖ਼ਤਾਂ ਤੋਂ ਵੀ ਸ਼ਰੋਮਣੀ। ਹੁਣ ਇਸ ਗੱਲ ਦਾ ਨਿਰਣਾ ਕੌਣ ਕਰੇਗਾ ? ਕਿਹੜਾ ਪੰਜਵਾਂ ਤਖ਼ਤ ਹੈ ? ਕਿਸ ਦਾ ਹੁਕਮ ਸੰਗਤ ਮੰਨੇ ?

ਜਥੇਦਾਰ ਜੀ ਦਾ ਇਹ ਫ਼ੈਸਲਾ ਪੁਜਾਰੀ ਜੁਗਿੰਦਰ ਸਿੰਘ ਪ੍ਰਵਾਨ ਕਰਦਾ ਹੈ ਕਿ ਨਹੀਂ, ਇਸ ਬਾਰੇ ਅਸੀਂ ਕੁਝ ਨਹੀਂ ਕਹਿ ਸਕਦੇ, ਕਿਉਂਕਿ ਇਥੇ ਦੇ, ਸਚਿਖੰਡ ਸ੍ਰੀ ਹਜ਼ੂਰ ਸਾਹਿਬ ਦੇ ਪੰਜਾਂ ਪਿਆਰਿਆਂ ਵਲੋਂ ਜਥੇਦਾਰ ਨੂੰ ਸਹਿਯੋਗ ਨਹੀਂ ਮਿਲਿਆ, ਜਿਸ ਬਾਰੇ ਉਨ੍ਹਾਂ ਆਪਣੇ ਬਿਆਨ ਵਿਚ ਵੀ ਕਿਹਾ ਹੈ। ਪੁਜਾਰੀ ਸਾਹਿਬ ਬਾਰੇ ਤਾਂ ਜਥੇਦਾਰ ਜੀ ਨੇ ਸਪਸ਼ਟ ਤੌਰ ਤੇ ਹੁਕਮਨਾਮਾ ਜਾਰੀ ਕੀਤਾ ਹੈ ਕਿ ਐਸਾ ਵਿਅਕਤੀ ਤਾਂ ਤਖ਼ਤ ਸਾਹਿਬ ਦੇ ਅੰਦਰ ਦਾਖਲ ਵੀ ਨਹੀਂ ਹੋ ਸਕਦਾ। ਜੇ ਹੁੰਦਾ ਹੈ ਤਾਂ ਉਹ ਤਨਖ਼ਾਹੀਆ ਹੈ। ਪਰੰਤੂ ਇਹ ਹੁਕਮਨਾਮਾ ਜਾਰੀ ਤਾਂ ਹੋ ਗਿਆ ਹੈ, ਇਸ ਹੁਕਮ ਨੂੰ ਲਾਗੂ ਕੌਣ ਕਰੇਗਾ ?

ਸਚਿਖੰਡ ਦਾ ਮਸ੍ਹਲਾ ਕੇਵਲ, ਤਖ਼ਤ ਸਾਹਿਬ ਤੇ ਪੰਥਕ ਮਰਿਆਦਾ ਬੰਨ੍ਹਣ ਨਾਲ ਵੀ ਹਲ ਨਹੀਂ ਹੋ ਜਾਂਦਾ, ਇਸ ਦੇ ਪਿਛੋਕੜ ਕਈ ਹੋਰ ਅਣਦਿਸਦੇ ਮਾਮਲੇ ਵੀ ਹਨ, ਜਿਹਾ ਕਿ ਇਥੋਂ ਦੀ ਪ੍ਰਬੰਧਕ ਪ੍ਰਣਾਲੀ ਨੂੰ ਪੰਥਕ ਹਥਾਂ ਵਿਚ ਰਖਣਾ। ਇਸ ਬਾਰੇ ਪਿਛਲੇ ਕਈ ਸਾਲਾਂ ਤੋਂ ਮਹਾਰਾਸ਼ਟਰ ਸ੍ਰਕਾਰ ਨਾਲ ਗਲਬਾਤ ਹੋ ਰਹੀ ਹੈ, ਤੇ ਸਿੰਘ ਸਭਾ ਬੰਬਈ ਦੇ ਪ੍ਰਬੰਧਕ ਇਸ ਮਸਲੇ ਨੂੰ ਆਪਣੇ ਹਥ 'ਚ ਲੈ ਕੇ ਕਾਫ਼ੀ ਚਿਰ ਤੋਂ ਸਰਗਰਮ ਹਨ। ਪ੍ਰਬੰਧਕ ਪ੍ਰਣਾਲੀ ਕਿਵੇਂ ਹੋਵੇ, ਇਸ ਬਾਰੇ ਕਈ ਯੋਜਨਾਵਾਂ ਤੇ ਖਰੜੇ ਤਿਆਰ ਹੋਏ, ਕਈ ਮੀਟਿੰਗਾਂ ਅਤੇ ਇਕੱਠ ਹੋਏ, ਕਈ ਵਫ਼ਦ ਕੇਂਦਰੀ ਸ੍ਰਕਾਰ, ਪੰਜਾਬ ਤੇ ਮਹਾਰਾਸ਼ਟਰ ਸ੍ਰਕਾਰ ਨੂੰ ਮਿਲੇ, ਪਰੰਤੂ ਇਹ ਮਾਮਲਾ ਵੀ ਖ਼ਾਹ ਮਖ਼ਾਹ ਉਲਝਾ ਦਿਤਾ ਗਿਆ ਹੈ, ਜਿਸਦੀ ਜ਼ੁਮੇਵਾਰੀ ਵੀ ਉਨ੍ਹਾਂ ਲੋਕਾਂ ਤੇ ਆਉਂਦੀ ਹੈ ਜਿਨ੍ਹਾਂ ਪੰਥਕ ਮੁਫ਼ਾਦ



www.AKJ.Org

ਨੂੰ ਉਹਲੇ ਰਖ ਕੇ ਜ਼ਾਤੀ ਲਾਭ ਲਈ ਸੂਕਾਰ ਨੂੰ ਗੁਮਰਾਹ ਕੀਤਾ।

ਸਾਡੀ ਰਾਇ ਵਿਚ ਸ਼ਰੋਮਣੀ ਪ੍ਰਬੰਧਕ ਕਮੇਟੀ, ਚੀਫ਼ ਖ਼ਾਲਸਾ ਦੀਵਾਨ ਤੇ ਹੋਰ ਪੰਥਕ ਜਥੇਬੰਦੀਆਂ ਨੂੰ ਇਕੱਠੀਆਂ ਹੋ ਕੇ ਅਜੇਹੇ ਮਸਲੇ ਵੀਚਾਰ ਗੋਚਰੇ ਲਿਆਣੇ ਚਾਹੀਦੇ ਹਨ। ਖਾਸ ਕਰਕੇ ਸਾਰੇ ਤਖ਼ਤਾਂ ਦੀ ਮਾਨ ਮਰਿਆਦਾ ਵਿਚ ਇਕਸਾਰਤਾ ਲਿਆਣਾ ਅਥਵਾ ਪ੍ਰਬੰਧਕ ਬੋਰਡਾਂ ਦੀ ਬਣਤਰ ਬਾਰੇ ਸਬੰਧਤ ਸੂਕਾਰਾਂ ਨੂੰ ਸਲਾਹ ਮਸ਼ਵਰਾ ਦੇਣਾ। ਜਦ ਤਕ ਇਹ ਪੰਥਕ ਤੇ ਸ਼ਰੋਮਣੀ ਜਥੇਬੰਦੀਆਂ ਪੰਥ ਦੇ ਗੰਭੀਰ ਮਸਲੇ ਹਥ ਵਿਚ ਨਹੀਂ ਲੈਂਦੀਆਂ, ਪੰਥ ਵਿਚ ਯਕਜਿਹਤੀ, ਧਾਰਮਕ ਤਰੱਕੀ ਨਹੀਂ ਆ ਸਕਦੀ।

[ਰਣਜੀਤ ਵੀਕਲੀ, ਬੰਬੇ, ੨੪-੧੦-੭੬

## (੨) ਤਖ਼ਤ ਸਚਿਖੰਡ ਮਰਯਾਦਾ ਸਬੰਧੀ ਫ਼ਤਵੇਬਾਜ਼ੀ

ਹੈਡ ਪੁਜਾਰੀ ਜੋਗਿੰਦਰ ਸਿੰਘ ਨੇ ਅਕਾਲੀ ਬੁੱਢਾ ਦਲ ਜਥੇਦਾਰ ਸੰਤਾ ਸਿੰਘ ਦੇ ਫ਼ੈਸਲੇ ਵਿਰੁਧ ੨੭ ਅਕਤੂਬਰ ਨੂੰ ਸਚਖੰਡ ਦੇ ਪੰਜਾਂ ਪਿਆਰਿਆਂ ਨੂੰ ਬੁਲਾ ਕੇ, ਜਿਸ ਦੇ ਕਿ ਉਹ ਆਪ ਹੈਡ ਜਥੇਦਾਰ ਹਨ, ਸ: ਰਲਾ ਸਿੰਘ ਸੁਪ੍ਰੰਟੈਂਡੈਂਟ ਨੂੰ ਤਨਖ਼ਾਹੀਆ ਕਰਾਰ ਦਿਤਾ ਹੈ, ਅਤੇ ਨਾਲ ਐਲਾਨੀਆ ਕਿਹਾ ਕਿ ਜਥੇਦਾਰ ਸੰਤਾ ਸਿੰਘ ਜੀ ਜੋ ਆਪਣੇ ਆਪ ਨੂੰ ਪੰਜਵਾਂ ਤੇ ਸ਼ਰੋਮਣੀ ਤਖ਼ਤ ਮੰਨਦੇ ਹਨ, ਉਹ ਇਸ ਕਾਬਲ ਹੀ ਨਹੀਂ ਕਿ ਸਾੜੇ ਵਿਰੁਧ ਕੋਈ ਹੁਕਮ ਜਾਰੀ ਕਰਨ।

ਇਹ ਕਿੰਨੀ ਹਾਸੋਹੀਣੀ ਗੱਲ ਹੈ ਕਿ ਪੰਥ ਵਿਚ ਅਜੋਕੇ ਯੁਗ ਵਿਚ ਅਜਿਹੇ ਮਹਾਂ ਪੁਰਸ਼ ਵਿਚਰ ਰਹੇ ਹਨ ਜੋ ਅਕਾਲ ਤਖ਼ਤਾਂ ਦੀ ਮਰਯਾਦਾ ਸੰਬੰਧੀ ਇਕ ਦੂਜੇ ਦੇ ਵਿਰੁਧ ਫ਼ਤਵੇਬਾਜ਼ੀ ਦੇ ਕੇ ਇਕ ਤਾਂ ਪੰਥਕ ਜਥੇਬੰਦੀ ਨੂੰ ਖੇਰੂੰ ਖੇਰੂੰ ਕਰ ਰਹੇ ਹਨ, ਅਤੇ ਸੰਗਤਾਂ ਸਾਹਮਣੇ ਖ਼ੁਦ ਤਮਾਸ਼ਾ ਬਣ ਕੇ ਪੰਥਕ ਮਰਯਾਦਾ ਦੀ ਮਿਟੀ ਪੁਟ ਰਹੇ ਹਨ। ਅਸੀਂ ਆਪਣੀ ਰਾਇ ਅਗੇ ਵੀ ਪ੍ਰਗਟ ਕਰ ਚੁਕੇ ਹਾਂ ਕਿ ਸਾਰੇ ਤਖ਼ਤਾਂ ਦੀ ਮਰਯਾਦਾ ਵਿਚ ਇਕ-ਸਾਰਤਾ ਹੋਣੀ ਜ਼ਰੂਰੀ ਹੈ। ਅਤੇ ਇਹ ਕੰਮ ਸਾਡੀ ਸਭ ਤੋਂ ਵੱਡੀ ਧਾਰਮਿਕ ਜਥੇਬੰਦੀ ਸ਼ਰੋਮਣੀ ਕਮੇਟੀ, ਚੀਫ਼ ਖ਼ਾਲਸਾ ਦੀਵਾਨ, ਪੰਜੇ ਤਖ਼ਤਾਂ ਦੇ ਜਥੇਦਾਰ ਤੇ ਹੋਰ ਧਾਰਮਕ ਤੇ ਸਿਆਣੇ ਵਿਦਵਾਨਾਂ ਦੀ ਕਾਨਫ਼ਰੰਸ ਬੁਲਾ ਕੇ ਇਸ ਬਾਰੇ ਫ਼ੈਸਲਾ ਕਰਵਾ ਸਕਦੀ ਹੈ।

[ਰਣਜੀਤ ਬੰਬਈ, ਗੁਰੂ ਨਾਨਕ ਅੰਕ ੧੯੭੬

## (ੲ) ਸਪਤਾਹਕ 'ਮਾਨ ਸਰੋਵਰ' ਦਿਲੀ

ਬੁੱਢਾ ਦਲ ਦਾ ਮੇਰੇ ਦਿਲ ਵਿਚ ਭਾਰੀ ਸਤਿਕਾਰ ਹੈ ਅਤੇ ਇਸ ਸੰਸਥਾ ਦਾ ਆਪਣਾ ਸ਼ਾਨਦਾਰ ਇਤਿਹਾਸ ਹੈ। ਇਸ ਦਲ ਅੰਦਰ ਜੋ ਕੁਰੀਤੀਆਂ ਦਾਖ਼ਲ ਹੋ ਚੁਕੀਆਂ ਹਨ, ਉਨ੍ਹਾਂ ਦਾ ਸੁਧਾਰ ਹੋਣਾ ਬਹੁਤ ਹੀ ਜ਼ਰੂਰੀ ਹੈ। ਪਰ ਸੁਆਲ ਇਹ ਹੈ ਕਿ ਸੁਧਾਰ ਕਰੇ ਕੌਣ ? ਨਿਹੰਗ ਸਿੰਘ ਬੜੇ ਫ਼ਖ਼ਰ ਨਾਲ ਆਪਣੇ ਆਪ ਨੂੰ ਗੁਰੂ ਕੀਆਂ ਲਾਡਲੀਆਂ ਫ਼ੌਜਾਂ ਅਖਵਾਉਂਦੇ ਹਨ ਤੇ ਇਨ੍ਹਾਂ ਦੀ ਰਹਿਣੀ ਬਹਿਣੀ ਸਧਾਰਨ ਸਿੱਖਾਂ ਨਾਲੋਂ ਵਖਰੀ ਹੈ। ਭੰਗ ਇਨ੍ਹਾਂ ਦੀ ਗੁੜ੍ਹਤੀ ਹੈ ਅਤੇ ਇਸ ਭੰਗ ਦੇ ਭੋਗ ਨੂੰ ਜਿਵੇਂ ਕਿ ਇਸ ਹੁਕਮਨਾਮੇ ਵਿਚ ਵੀ ੯੬ ਕਰੋੜੀ ਦਲ ਦੇ ਜਥੇਦਾਰ ਨੇ ਇਸ਼ਾਰਾ ਕੀਤਾ ਹੈ, ਛੇਵੇਂ ਪਾਤਸ਼ਾਹ ਦੇ ਸਮੇਂ ਤੋਂ ਅਣਜਾਣਪੁਣੇ ਨਾਲ ਜੋੜਿਆ ਜਾ ਰਿਹਾ ਹੈ।

ਮੈਨੂੰ ਵਿਸ਼ਵਾਸ਼ ਹੈ ਕਿ ਪਿਆਰ ਅਤੇ ਮਿਠੀ ਨਿਮਰਤਾ ਭਰੀ ਭਾਸ਼ਾ ਨਾਲ ਨਿਹੰਗ ਸਿੰਘ ਸੁਧਾਰੇ ਜਾ ਸਕਦੇ ਹਨ। ਆਖ਼ਰ ਹਨ ਤਾਂ ਇਹ ਇਨਸਾਨ, ਫਿਰ ਗੁਰੂ ਘਰ ਵਿਚ ਸ਼ਰਧਾ ਰਖਦੇ ਹਨ, ਕੇਵਲ ਕੁਰਾਹੇ ਪਏ ਚਲੇ ਆਉਂਦੇ ਹਨ ਅਤੇ ਇਨ੍ਹਾਂ ਦੀ ਕਠੋਰਤਾ ਤੋਂ ਡਰਦੇ ਸਾਡੇ ਆਗੂ ਅਗੇ ਨਹੀਂ ਆ ਰਹੇ। ਜੋ ਸਾਡਾ ਲੀਡਰ ਹਜ਼ੂਰ ਸਾਹਿਬ ਜਾਂਦਾ ਹੈ, ਮਨਮਤ ਵੇਖ ਤ੍ਰਾਹ ਤ੍ਰਾਹ ਕਰਦਾ ਵਾਪਸ ਆਉਂਦਾ ਹੈ। ਆਖ਼ਰ ਇਹ ਮਨਮਤ ਦਸਮੇਸ਼ ਪਿਤਾ ਦੇ ਇਲਾਹੀ ਅਸਥਾਨ ਉਤੇ ਕਦ ਤਕ ਅਸੀਂ ਵੇਖਦੇ ਤੇ ਸਹਿੰਦੇ ਜਾਵਾਂਗੇ ? ਇਸ ਸਜਰੇ ਹੁਕਮਨਾਮੇ ਦੀ ਰੋਸ਼ਨੀ ਵਿੱਚ ਸ਼ਰੋਮਣੀ ਕਮੇਟੀ ਨੂੰ, ਚੀਫ਼ ਖ਼ਾਲਸਾ ਦੀਵਾਨ ਨੂੰ ਅਤੇ ਹੋਰ ਸਿੰਘ ਸਭਾ ਆਦਿ ਸੰਸਥਾਵਾਂ ਨੂੰ ਨਿਸਚੇ ਨਾਲ ਅਗੇ ਆਉਣਾ ਹੀ ਹੋਵੇਗਾ ਅਤੇ ਕਾਬੇ ਵਿਚੋਂ ਸਦਾ ਲਈ ਕੁਰੀਤੀਆਂ ਨੂੰ ਅਤੇ ਵਡੇ ਕੁਫ਼ਰ ਨੂੰ ਦੂਰ



www.AKJ.Org

ਕਰਨਾ ਹੋਵੇਗਾ ।

ਇਸ ਹੁਕਮਨਾਮੇ ਵਿੱਚ ਹੋਰ ਵੀ ਮਨਮਤ ਦੀ ਹਵਾੜ ਉਠ ਰਹੀ ਹੈ। ਪੰਥ-ਦਰਦੀਆਂ ਨੂੰ ਇਹ ਹੁਕਮਨਾਮਾ ਵਡੀ ਵੰਗਾਰ ਹੈ। "ਔਰ ਕੈਸੇ ਜਗਾਏਂ ਕੌਮ ਕੋ ਹਮ, ਸਰ ਬਸਰ ਇਲਤਜਾ" ਹੋ ਗਏ ਹਾਂ।

—ਮਾਨ ਸਿੰਘ, ਮਾਨ ਸਰੋਵਰ, ੧੪ ਨਵੰਬਰ ੧੯੭੬

## (ਸ) ਮਾਸਕ 'ਗਿਆਨ ਅੰਮ੍ਰਿਤ' ਅੰਮ੍ਰਿਤਸਰ—

ਸਚਖੰਡ ਹਜ਼ੂਰ ਸਾਹਿਬ ਦੇ ਹੈਡ ਪੁਜਾਰੀ ਭਾਈ ਜੋਗਿੰਦਰ ਸਿੰਘ ਨੇ ਸੰਗਤ ਵਿਚ ਕਿਹਾ—

"ਜਥੇਦਾਰ ਸੰਤਾ ਸਿੰਘ ਜੀ ਇਥੋਂ ਦੀ ਮਰਯਾਦਾ ਬਾਰੇ ਫ਼ੈਸਲਾ ਦੇਣ ਆਏ ਹਨ। ਪਰੰਤੂ ਅਸੀਂ ਇਹ ਫ਼ੈਸਲਾ ਆਪਣੇ ਪੰਥ ਦੀ ਰਾਇ ਮਗਰੋਂ ਹੀ ਮੰਨ ਸਕਦੇ ਹਾਂ। ਕਿਉਂਕਿ ਅਸੀਂ ਹਜ਼ੂਰੀ ਸੰਗਤ ਦੀ ਰਾਇ ਬਿਨਾਂ ਕੁਝ ਨਹੀਂ ਕਰ ਸਕਦੇ।"

ਬੁੱਢਾ ਦਲ ਦੇ ਜਥੇਦਾਰ ਸੰਤਾ ਸਿੰਘ ਜੀ ਦੇ ਫ਼ੈਸਲੇ ਵਿਚ ਕਈ ਹੋਰ ਗਲਾਂ ਵੀ ਦਰਜ ਹਨ। ਪਰ ਚਾਰ ਪੰਜ ਗਲਾਂ ਖ਼ਾਸ ਵਿਚਾਰਨ ਯੋਗ ਹਨ—

(੧) ਹਜ਼ੂਰ ਸਾਹਿਬ ਵਿਖੇ ਸੁਖੇ ਦਾ ਭੋਗ ਲਗਣਾ ਚਾਹੀਦਾ ਹੈ।

(੨) ਬਕਰੇ ਝਟਕਾ ਕੇ ਉਨ੍ਹਾਂ ਦੇ ਲਹੂ ਦਾ ਸ਼ਸਤ੍ਰਾਂ ਨੂੰ ਤਿਲਕ ਲਗਾਣਾ ਚਾਹੀਦਾ ਹੈ।

(੩) ਅਖੰਡ ਪਾਠ ਸਮੇਂ ਕੁੰਭ ਤੇ ਨਾਰੀਅਲ ਆਦਿਕ ਰਖਣਾ ਦਰੁਸਤ ਹੈ।

(੪) ਇਸਤ੍ਰੀਆਂ ਨੂੰ ਕ੍ਰਿਪਾਨ ਦਾ ਤੇ ਪਛੜੀਆਂ ਸ਼ਰੇਣੀਆਂ ਨੂੰ ਅਲਹਿਦਾ ਅੰਮ੍ਰਿਤ ਛਕਾਇਆ ਜਾਵੇ।

(੫) ਜਥੇਦਾਰ ਸੰਤਾ ਸਿੰਘ ਜੀ ਦੇ ਫ਼ੈਸਲੇ ਨੂੰ ਕੋਈ ਤਖ਼ਤ ਰੱਦ ਨਹੀਂ ਕਰ ਸਕਦਾ, ਕਿਉਂਕਿ ਉਹ ਪੰਜਵਾਂ ਤਖ਼ਤ ਚਲਦਾ ਵਹੀਰ ਹਨ।

ਇਸ ਫ਼ੈਸਲੇ ਨਾਲ ਝਗੜਾ ਨਿਬੇੜਨ ਦੀ ਬਜਾਇ ਪ੍ਰਬੰਧ ਤੇ ਮਰਯਾਦਾ ਬਾਰੇ ਕਈ ਨਵੀਆਂ ਉਲਝਣਾਂ ਪੈਦਾ ਹੋਣਗੀਆਂ। ਇਸ ਨੂੰ ਪ੍ਰਬੰਧਕ ਬੋਰਡ ਹਜ਼ੂਰ ਸਾਹਿਬ, ਸ਼ਰੋਮਣੀ ਕਮੇਟੀ ਜਾਂ ਆਮ ਸੰਗਤਾਂ ਨੇ ਵੀ ਪ੍ਰਵਾਨ ਨਹੀਂ ਕਰਨਾ।

ਚਾਰ ਤਖ਼ਤਾਂ ਵਿਚੋਂ ਸ੍ਰੀ ਅਕਾਲ ਤਖ਼ਤ ਸਾਹਿਬ ਤੇ ਤਖ਼ਤ ਕੇਸਗੜ੍ਹ ਅਨੰਦਪੁਰ ਸ਼ਰੋਮਣੀ ਕਮੇਟੀ ਦੇ ਅਧੀਨ ਹਨ। ਤਖ਼ਤ ਪਟਨਾ ਸਾਹਿਬ ਦੀ ਪ੍ਰਬੰਧਕ ਕਮੇਟੀ ਵਖਰੀ ਹੈ। ਤਿੰਨਾਂ ਤਖ਼ਤਾਂ ਪਰ ਸ਼ਹੀਦੀ ਦੇਗ ਅਰਥਾਤ ਸੁਖੇ ਦਾ ਕੋਈ ਭੋਗ ਨਹੀਂ ਲਗਦਾ। ਆਮ ਸੰਗਤਾਂ ਹਜ਼ੂਰ ਸਾਹਿਬ ਵਿਖੇ ਸੁਖੇ ਦਾ ਭੋਗ ਲਾਉਣ ਦੇ ਵਿਰੁਧ ਹਨ। ਜਦ ਤਿੰਨਾਂ ਤਖ਼ਤਾਂ ਤੇ ਸਾਰੇ ਗੁਰਦੁਆਰਿਆਂ ਵਿਚ ਕੜਾਹ ਪ੍ਰਸ਼ਾਦ ਦਾ ਭੋਗ ਲਗਦਾ ਹੈ, ਉਸ ਹਾਲਤ ਵਿਚ ਇਕੱਲੇ ਹਜ਼ੂਰ ਸਾਹਿਬ ਵਿਖੇ ਸੁਖੇ ਦੇ ਭੋਗ ਨੂੰ ਸੰਗਤਾਂ ਨੇ ਕਦੀ ਪ੍ਰਵਾਨ ਨਹੀਂ ਕਰਨਾ।

ਦੂਸਰੀ ਗਲ ਹੈ ਬਕਰੇ ਝਟਕਾ ਕੇ ਸ਼ਸਤ੍ਰਾਂ ਨੂੰ ਲਹੂ ਦਾ ਤਿਲਕ ਲਾਉਣਾ। ਇਸ ਨੂੰ ਲੋਕੀਂ ਕਲਕੱਤੇ ਵਾਲੀ ਕਾਲੀ ਦੇਵੀ ਦੀ ਨਕਲ ਸਮਝਣਗੇ। ਇਸ ਤਰ੍ਹਾਂ ਲੰਗਰ 'ਚ ਵੀ ਮਾਸ ਬਣੇਗਾ, ਜੋ ਗੁਰੂ ਕੇ ਲੰਗਰ 'ਚ ਕਦੀ ਨਹੀਂ ਬਣਿਆ। ਇਸ ਲਈ ਕਿ ਲੰਗਰ ਵਿਚ ਹਰ ਮਤ ਦੇ ਲੋਕੀਂ ਪ੍ਰਸ਼ਾਦ ਛਕਦੇ ਹਨ, ਜਿਨ੍ਹਾਂ ਵਿਚ ਵੈਸ਼ਨਵ ਤੇ ਮਾਸਾਹਾਰੀ ਦੋਵੇਂ ਕਿਸਮ ਦੇ ਹੁੰਦੇ ਹਨ। ਸਿਖ ਸੰਪ੍ਰਦਾਵਾਂ 'ਚੋਂ ਉਦਾਸੀ, ਨਿਰਮਲ, ਸੇਵਾ ਪੰਥੀ, ਬਾਬਾ ਦਿਆਲ ਜੀ ਦੇ ਅਸਲੀ ਨਿਰੰਕਾਰੀ ਤੇ ਨਾਮਧਾਰੀ ਮਾਸ ਨਹੀਂ ਖਾਂਦੇ। ਭਾਈ ਰਣਧੀਰ ਸਿੰਘ ਜੀ ਦੇ ਜਥੇ ਦੇ ਸਿੰਘ ਮਾਸ ਖਾਣ ਦੇ ਵਿਰੁਧ ਹਨ। ਬਕਰਾ ਝਟਕਾ ਕੇ ਗੁਰੂ ਜੀ ਦੇ ਸ਼ਸਤ੍ਰਾਂ ਨੂੰ ਲਹੂ ਦਾ ਤਿਲਕ ਲਾਉਣ ਨੂੰ ਸੰਗਤਾਂ, ਜਥੇਬੰਦੀਆਂ ਤੇ ਸਿਖ ਸੰਪ੍ਰਦਾਵਾਂ ਕਦੀ ਪ੍ਰਵਾਨ ਨਹੀਂ ਕਰਨਗੀਆਂ। ਅਨਮਤੀਆਂ ਉਤੇ ਇਹ ਪ੍ਰਭਾਵ ਪਵੇਗਾ ਕਿ ਹਜ਼ੂਰ ਸਾਹਿਬ ਵਿਚ ਇਕ ਨਿਰਦਈ ਰਸਮ ਕੀਤੀ ਜਾਂਦੀ ਹੈ, ਜੋ ਦੁਰਗਾ ਕਲਟ ਨਾਲ ਮਿਲਦੀ ਹੈ।

ਸਾਡੀ ਇਤਲਾਹ ਹੈ ਕਿ ਬੁੱਢਾ ਦਲ ਦੇ ਨਿਹੰਗ ਸਿੰਘ ਹਜ਼ੂਰ ਸਾਹਿਬ ਦੀ ਯਾਤਰਾ ਨੂੰ ਜਾਂਦੇ ਹੋਏ ਬੰਬਈ ਵੀ ਗਏ। ਸ਼ਰੋਮਣੀ ਕਮੇਟੀ ਤੇ ਸੰਤ ਹਰਚੰਦ ਸਿੰਘ ਪ੍ਰਧਾਨ ਅਕਾਲੀ ਦਲ ਵਲੋਂ ਸ੍ਰੀ ਗੁਰੂ ਸਿੰਘ



www.AKJ.Org

ਸਭਾ ਬੰਬਈ ਨੂੰ ਲਿਖਿਆ ਗਿਆ ਕਿ ਬੁੱਢੇ ਦਲ ਦਾ ਸੁਆਗਤ ਤੇ ਸੇਵਾ ਕਰਨ। ਸਿੰਘ ਸਭਾ ਨੇ ਇਕੀ ਬਾਈ ਹਜ਼ਾਰ ਰੁਪਏ ਨਿਹੰਗ ਸਿੰਘਾਂ ਦੇ ਲੰਗਰ ਤੇ ਜਲ ਪਾਣੀ ਦੀ ਸੇਵਾ ਲਈ ਖਰਚ ਕੀਤੇ, ਪਰ ਜਦ ਨਿਹੰਗਾਂ ਨੇ ਲੰਗਰ ਵਿਚ ਬਕਰੇ ਝਟਕਾਣ ਦੀ ਗੱਲ ਕੀਤੀ, ਉਸ ਪਰ ਕਈ ਸਿੰਘਾਂ ਨੇ ਇਤਰਾਜ਼ ਕੀਤਾ ਅਤੇ ਕਾਫੀ ਝਗੜਾ ਹੋਇਆ।

ਇਸ ਲਈ ਹਜ਼ੂਰ ਸਾਹਿਬ ਵਿਖੇ ਸ਼ਸਤ੍ਰਾਂ ਨੂੰ ਲਹੂ ਦਾ ਟਿਕਾ ਲਾਉਣ ਜਾਂ ਕਿਸੇ ਥਾਂ ਲੰਗਰ ਵਿਚ ਮਾਸ ਬਣਾਉਣ ਦੀ ਸੰਗਤਾਂ ਨੇ ਹਮਾਇਤ ਨਹੀਂ ਕਰਨੀ। ਬਾਕੀ ਰਹੀ ਅਖੰਡ ਪਾਠ ਸਮੇਂ ਕੁੰਭ ਤੇ ਨਾਰੀਅਲ ਰਖਣ ਦੀ ਮਰਯਾਦਾ। ਸਿੰਘ ਸਭਾ ਲਹਿਰ ਵਿਚ ਇਸ ਦੀ ਵਿਰੋਧਤਾ ਕੀਤੀ ਗਈ ਹੈ। ਜਿਥੇ ਸੰਤਾਂ ਸਾਧੂਆਂ ਦਾ ਪ੍ਰਭਾਵ ਹੈ, ਉਥੇ ਲੋਕੀਂ ਕੁੰਭ ਤੇ ਨਾਰੀ-ਅਲ ਰਖ ਲੈਂਦੇ ਹਨ। ਜਿਥੇ ਸਿੰਘ ਸਭਾ ਜਾਂ ਅਕਾਲੀ ਪ੍ਰਭਾਵ ਹੈ, ਉਥੇ ਨਹੀਂ ਰਖਦੇ।

ਸ਼ਰੋਮਣੀ ਕਮੇਟੀ ਦੇ ਪ੍ਰਬੰਧ ਹੇਠ ਸ੍ਰੀ ਅਕਾਲ ਤਖ਼ਤ ਜਾਂ ਕੇਸਗੜ੍ਹ ਤੇ ਜਿਤਨੇ ਗੁਰਦਵਾਰੇ ਹਨ, ਉਨ੍ਹਾਂ ਵਿਚ ਕੁੰਭ ਤੇ ਨਾਰੀਅਲ ਨਹੀਂ ਰਖਿਆ ਜਾਂਦਾ।

ਇਸਤ੍ਰੀਆਂ ਲਈ ਕ੍ਰਿਪਾਨ ਤੇ ਮਰਦਾਂ ਲਈ ਖੰਡੇ ਦਾ ਅੰਮ੍ਰਿਤ ਦੋ ਨਹੀਂ ਹੋਣੇ ਚਾਹੀਦੇ। ੧੯੨੦ ਵਿਚ ਅਕਾਲੀ ਲਹਿਰ ਪਛੜੀਆਂ ਸ਼ਰੇਣੀਆਂ ਨਾਲ ਅਭੇਦ ਵਰਤਣ ਲਈ ਹੀ ਚਲੀ ਸੀ। ਹੁਣ ਉਨ੍ਹਾਂ ਨੂੰ ਵਖਰਾ ਅੰਮ੍ਰਿਤ ਕਿਵੇਂ ਛਕਾ ਸਕਦੇ ਹਾਂ। ਜਥੇਦਾਰ ਬਾਬਾ ਸੰਤਾ ਸਿੰਘ ਜੀ ਪੰਜਵੇਂ ਤਖ਼ਤ ਚਲਦੇ ਵਹੀਰ ਦੇ ਜਥੇਦਾਰ ਹਨ। ਉਨ੍ਹਾਂ ਦਾ ਫ਼ੈਸਲਾ ਅਕਾਲ ਤਖ਼ਤ ਦਾ ਜਥੇਦਾਰ ਜਾਂ ਹੋਰ ਕੋਈ ਰੱਦ ਨਹੀਂ ਕਰ ਸਕਦਾ। ਇਹ ਗੱਲ ਵੀ ਦਰੁਸਤ ਨਹੀਂ। ਤਖ਼ਤਾਂ 'ਚੋਂ ਸ੍ਰੀ ਅਕਾਲ ਤਖ਼ਤ ਤੇ ਸ੍ਰੀ ਕੇਸਗੜ੍ਹ ਸਾਹਿਬ ਸ਼ਰੋਮਣੀ ਕਮੇਟੀ ਦੇ ਅਧੀਨ ਹਨ। ਤਖ਼ਤ ਪਟਨਾ ਸਾਹਿਬ ਤੇ ਹਜ਼ੂਰ ਸਾਹਿਬ ਦੀਆਂ ਆਪੋ ਆਪਣੀਆਂ ਪ੍ਰਬੰਧਕ ਕਮੇਟੀਆਂ ਹਨ। ਇਨ੍ਹਾਂ 'ਚੋਂ ਕੋਈ ਤਖ਼ਤ ਵੀ ਬੁੱਢੇ ਦਲ ਦੇ ਅਧੀਨ ਨਹੀਂ। . ...

ਤਖ਼ਤ ਹਜ਼ੂਰ ਸਾਹਿਬ ਖਾਲਸਾ ਪੰਥ ਦਾ ਤਖ਼ਤ ਹੈ। ਉਸਦੀ ਮਰਯਾਦਾ ਬਾਰੇ ਕਿਸੇ ਇਕ ਵਿਅਕਤੀ ਨੂੰ ਨਹੀਂ, ਸਮੁਚੇ ਪੰਥ ਨੂੰ ਅਧਿਕਾਰ ਹੈ।

ਜਥੇਦਾਰ ਸੰਤਾ ਸਿੰਘ ਬੁੱਢਾ ਦਲ ਦੇ ਬਿਆਨ ਨਾਲ ਰਹਿਤ ਮਰਯਾਦਾ, ਅੰਮ੍ਰਿਤ ਪ੍ਰਚਾਰ ਤੇ ਹੋਰ ਕਈ ਗੱਲਾਂ ਬਾਰੇ ਇੰਤਸ਼ਾਰ ਪੈਦਾ ਹੋਣ ਦਾ ਡਰ ਹੈ। ਇਸ ਦਾ ਫੈਸਲਾ ਸਿਖ ਜਥੇਬੰਦੀਆਂ ਦੀ ਇਕ ਕਨ-ਵੈਨਸ਼ਨ ਬੁਲਾ ਕੇ ਕਰਨੀ ਚਾਹੀਦੀ ਹੈ।

[ਗਿਆਨ ਅੰਮ੍ਰਿਤ ਨਵੰਬਰ ੧੯੭੬

## (ਹ) ਗਿ: ਊਧਮ ਸਿੰਘ ਜੀ ਦੀ ਚਿੱਠੀ

.. ੨੮ ਅਕਤੂਬਰ ਦੇ 'ਪ੍ਰਕਾਸ਼' ਵਿਚ, ਜਥੇਦਾਰ ਸੰਤਾ ਸਿੰਘ ਜੀ ਨਿਹੰਗ ਜੀ ਦਾ ਸ੍ਰੀ ਹਜ਼ੂਰ ਸਾਹਿਬ ਬਾਰੇ ਹੁਕਮਨਾਮਾ ਪੜ੍ਹਿਆ ਹੈ, ਜਿਸ ਵਿਚ ਉਨ੍ਹਾਂ ਨੇ ਸ਼ਸਤ੍ਰਾਂ ਨੂੰ ਇਸ਼ਟ ਦਾ ਦਰਜਾ ਦਿਤਾ ਹੈ, ਅਤੇ ਦਸਮ ਗ੍ਰੰਥ ਨੂੰ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਮਾਨਤਾ, ਸੁੱਖੇ ਦਾ ਭੋਗ, ਨਾਰੀਅਲ ਰਖਣੇ, ਜੋਤ ਜਗਾਉਣੀ, ਸ਼ਸਤ੍ਰਾਂ ਨੂੰ ਬਕਰੇ ਦੇ ਖੂਨ ਦਾ ਤਿਲਕ, ਸਿੰਘਣੀਆਂ ਨੂੰ ਕ੍ਰਿਪਾਨ ਦਾ ਅੰਮ੍ਰਿਤ ਤੇ ਦੂਜੀਆਂ ਜ਼ਾਤੀਆਂ ਨੂੰ ਵਖਰਾ ਅੰਮ੍ਰਿਤ ਛਕਾਉਣ ਦਾ ਹਵਾਲਾ ਦਿਤਾ ਹੈ ਅਤੇ ਇਸ ਤੇ ਕਿੰਤੂ ਕਰਨ ਜਾਂ ਇਸ ਨੂੰ ਮੰਨਣ ਵਾਲੇ ਨੂੰ ਬੱਜਰ ਤਨਖਾਹੀਆ ਕਰਾਰ ਦਿਤਾ ਹੈ। ਮੇਰੀ ਆਤਮਾ ਇਹ ਕੁਝ ਪੜ੍ਹ ਕੇ ਕੰਬ ਗਈ ਹੈ, ਅਤੇ ਮੇਰੀ ਤੁਛ ਸਮਝ ਅਨੁਸਾਰ ਅਜਿਹਾ ਸਮਾਂ ਆ ਗਿਆ ਹੈ ਕਿ ਗੁਰਮਤ ਦੀ ਨਿਰੋਲਤਾ ਨੂੰ ਕਾਇਮ ਰਖਣਾ ਅਥਵਾ ਉਸ ਦਾ ਕਾਇਮ ਰਹਿਣਾ ਮੁਸ਼ਕਲ ਹੋ ਗਿਆ ਹੈ।

ਇਹ ਲੇਖ ਪੜ੍ਹਨ ਤੋਂ ਕੇਵਲ ਦਸ ਮਿੰਟ ਦੇ ਬਾਦ ਆਪਣੀ ਆਤਮਾ ਦੀ ਆਵਾਜ਼ ਨੂੰ ਨਾ ਰੋਕ ਸਕਣ ਦੀ ਹਾਲਤ ਵਿਚ ਮੈਂ ਇਸ ਫ਼ੈਸਲੇ ਦੀ ਵਿਰੋਧਤਾ ਕਰਦਾ ਹਾਂ, ਅਤੇ ਅਫ਼ਸੋਸ ਕਰਦਾ ਹਾਂ ਕਿ ਇਸ ਤਰ੍ਹਾਂ ਫ਼ੈਸਲਾ ਖਾਲਸਾ ਪੰਥ ਤੇ ਠੋਸਣ ਦਾ ਯਤਨ ਕੀਤਾ ਗਿਆ ਹੈ ਅਤੇ ਜਿਸ 'ਬੇਦੀ', ਸਿੰਘ ਜੀ ਨੇ ਸਿੰਘ ਸਾਹਿਬ ਬਾਬਾ ਸੰਤਾ ਸਿੰਘ ਲਈ ਪੰਥ ਦੀ ਧਰਮ ਧੁਜਾ ਅੱਖਰ ਵਰਤੇ ਹਨ ਉਨ੍ਹਾਂ ਨੂੰ ਇਨ੍ਹਾਂ ਅੱਖਰਾਂ ਲਈ ਮੁੜ ਸੋਚਣ ਲਈ ਬੇਨਤੀ ਕਰਦਾ ਹਾਂ। ਜੇ ਇਹ ਹੁਕਮਨਾਮਾ



www.AKJ.Org

ਸਮੁਚੇ ਪੰਥ, ਸਾਰੇ ਤਖਤਾਂ ਅਤੇ ਗੁਰ-ਅਸਥਾਨਾਂ ਤੇ ਹਾਵੀ ਹੋਇਆ ਤਾਂ ਇਹ ਸਿੱਖੀ ਸਿਧਾਂਤ ਦੀਆਂ ਜੜ੍ਹਾਂ ਹਿਲਾ ਦੇਣ ਵਾਲੀ ਗੱਲ ਹੋਵੇਗੀ। ਮੈਂ ਸਿੰਘ ਸਾਹਿਬ ਦਾ ਆਦਰ ਕਰਦਾ ਹਾਂ,ਪਤਾ ਨਹੀਂ ਕੀ ਸੋਚ ਕੇ ਉਨ੍ਹਾਂ ਇਸ ਤਰ੍ਹਾਂ ਕੀਤਾ।......

ਮੈਂ ਸਿੰਘ ਸਾਹਿਬ ਬਾਬਾ ਸੰਤਾ ਸਿੰਘ ਜੀ ਦੇ ਦਰਸ਼ਨ ਨਹੀਂ ਕੀਤੇ ਜਾਂ ਮੈਨੂੰ ਯਾਦ ਨਹੀਂ, ਮੈਨੂੰ ਵਿਸ਼ਵਾਸ਼ ਨਹੀਂ ਕਿ ਸ਼੍ਰੋਮਣੀ ਅਕਾਲੀ ਦਲ ਤੇ ਸ਼੍ਰੋਮਣੀ ਕਮੇਟੀ ਵੀ ਇਸ ਫ਼ੈਸਲੇ ਨੂੰ ਰੱਬੀ ਹੁਕਮ ਅਰਥਾਤ ਧਰਮ ਧੁਜਾ ਦਾ ਫੁਰਮਾਣ ਸਵੀਕਾਰ ਕਰ ਕੇ ਇਸ ਨਾਲ ਆਪਣੀ ਸਹਿਮਤੀ ਪ੍ਰਗਟ ਕਰੇਗੀ। ਜੇ ਐਸਾ ਹੋ ਗਿਆ ਤਾਂ ਨਿਰੋਲ ਗੁਰਮਤ ਦੀ ਤੜਪ ਵਾਲੇ ਸਿੰਘਾਂ ਨੂੰ ਚੁਪ ਹੋ ਕੇ ਗੁਰੂ ਕਲਗੀਧਰ ਦੇ ਵਰਤਣ ਵਾਲੇ ਭਾਣੇ ਦੀ ਉਡੀਕ ਕਰਨੀ ਪਵੇਗੀ।

ਦਾਸ—ਊਧਮ ਸਿੰਘ ਗਿਆਨੀ, ਨਵੀਂ ਦਿੱਲੀ।

## (ਕ) ਸ: ਸੰਗਤ ਸਿੰਘ ਜੀ ਦੀ ਚਿਠੀ:

### ਸਚਖੰਡ ਦੀ ਮਰਯਾਦਾ

ਤਖ਼ਤ ਸਚਖੰਡ ਸ੍ਰੀ ਹਜ਼ੂਰ ਅਬਚਲ ਨਗਰ ਸਾਹਿਬ ਨੰਦੇੜ ਵਲੋਂ ਜਥੇਦਾਰ ਬਾਬਾ ਸੰਤਾ ਸਿੰਘ ਜੀ ਦਾ ਫ਼ੈਸਲਾ ਤਖ਼ਤ ਸਾਹਿਬ ਦੀ ਮਰਯਾਦਾ ਸਬੰਧੀ ਭੇਜਿਆ ਗਿਆ ਪੁਜਾ ਹੈ। ਇਸ ਦੇ ਨਾਲ ਸਬੰਧਤ ਪਤਰ ਵਿਚ ਸਪੈਸ਼ਲ ਆਫ਼ੀਸਰ ਸ: ਰਲਾ ਸਿੰਘ ਵਲੋਂ ਖ਼ੁਸ਼-ਫ਼ਹਿਮੀ ਪ੍ਰਗਟਾਈ ਗਈ:—

"੨੭ ਅਕਤੂਬਰ ੧੯੭੬ ਨੂੰ ਸ੍ਰੀ ਹਜ਼ੂਰ ਸਾਹਿਬ ਵਿਖੇ ਵਿਸ਼ਾਲ ਪੰਥਕ ਕਨਵੈਨਸ਼ਨ ਬੁਲਾਈ ਗਈ ਸੀ, ਪਰੰਤੂ ਸਾਨੂੰ ਇਹ ਲਿਖਦਿਆਂ ਅਤੀ ਪ੍ਰਸੰਨਤਾ ਹੋ ਰਹੀ ਹੈ ਕਿ ਸਿੰਘ ਸਾਹਿਬ ਬਾਬਾ ਸੰਤਾ ਸਿੰਘ ਜੀ ੯੬ ਕਰੋੜੀ ਜਥੇਦਾਰ ਸ਼ਰੋਮਣੀ ਪੰਥ ਅਕਾਲੀ ਬੁਢਾ ਦਲ ਅਤੇ ਜਥੇਦਾਰ ਪੰਜਵਾਂ ਤਖ਼ਤ ਚਲਦਾ ਵਹੀਰ ਜੀ (ਜੋ......) ਵਲੋਂ ਦੋਹਾਂ ਧਿਰਾਂ ਦੀ ਸੰਮਤੀ ਉਪਰੰਤ ਆਪਣਾ ਯੋਗ ਫ਼ੈਸਲਾ ਦਿਤੇ ਜਾਣ ਤੇ ਇਸ ਬਿਖਮ ਸਮੱਸਿਆ ਦਾ ਨਿਰਨਾ ਹੋ ਗਿਆ।"

ਪਰ ਸਾਡਾ ਵਿਚਾਰ ਹੈ ਕਿ ਇਸ ਫ਼ੈਸਲੇ ਨਾਲ ਤਖ਼ਤ ਸਾਹਿਬ ਦੀ ਮਰਯਾਦਾ ਦੀ ਬਿਖਮ ਸਮੱਸਿਆ ਦਾ ਨਿਰਨਾ ਤਾਂ ਕੀ ਹੋਣਾ ਸੀ, ਪੰਥ ਵਿਚ ਸਗੋਂ ਹੋਰ ਕਈ ਪੇਚੀਦਗੀਆਂ ਅਤੇ ਮਸਲੇ ਖੜੇ ਹੋ ਸਕਦੇ ਹਨ।

ਜਥੇਦਾਰ ਜੀ ਦੇ ਫ਼ੈਸਲੇ ਵਿਚ ਥਾਉਂ ਥਾਈਂ ਇਹ ਸ਼ਬਦ ਪੜ੍ਹਨ ਨੂੰ ਮਿਲਦੇ ਹਨ:—'ਮੈਂ ਜੱਥੇਦਾਰ ਪੰਜਵਾਂ ਤਖ਼ਤ', 'ਮੈਂ ਸਿੰਘ ਸਾਹਿਬ', 'ਅਸੀਂ ਜੱਥੇਦਾਰ ਸ਼ਰੋਮਣੀ ਬੁਢਾ ਦਲ', 'ਅਸੀਂ ਪੰਥ ਦੀ ਧਰਮਧੁਜਾ', 'ਅਸੀਂ ਪੰਥ ਦੀ ਪ੍ਰਮਾਣੀਕ ਹਸਤੀ' ਆਦਿ ਸ਼ਬਦ ਥਾਉਂ ਥਾਈਂ ਦੁਹਰਾਏ ਨਜ਼ਰੀ ਪੈਂਦੇ ਹਨ।

ਜਥੇਦਾਰ ਜੀ ਦਾਹਵਾ ਕਰਦੇ ਹਨ ਕਿ—

"ਸਾਡਾ ਪੰਥ ਅਕਾਲੀ ਬੁਢਾ ਦਲ ਪੰਜਵਾਂ ਤਖ਼ਤ ਹੀ ਇਕ ਅਜਿਹੀ ਪੰਥਕ ਜਗਤ ਹੈ ਜਿਸ ਦੇ ਫ਼ੈਸਲੇ ਨੂੰ ਸਮੂਹ ਸਿਖ ਜਗਤ ਮੰਨਦਾ ਹੈ।"

ਇਸ ਦਾ ਭਾਵ ਸਪੱਸ਼ਟ ਹੈ ਕਿ ਸਾਰਾ ਸਿਖ ਜਗਤ ਨਾ ਤਾਂ ਅਕਾਲ ਤਖ਼ਤ ਸਾਹਿਬ ਦੇ ਫ਼ੈਸਲਿਆਂ ਦੀ ਪਰਵਾਹ ਕਰਦਾ ਹੈ, ਨਾ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਫ਼ੈਸਲਿਆਂ ਨੂੰ ਹੀ ਮੰਨਦਾ ਹੈ, ਨਾ ਹੀ ਉਹ ਤਖ਼ਤ ਸ੍ਰੀ ਪਟਨਾ ਸਾਹਿਬ, ਤਖ਼ਤ ਸ੍ਰੀ ਹਜ਼ੂਰ ਸਾਹਿਬ ਅਤੇ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਫ਼ੈਸਲਿਆਂ ਨੂੰ ਹੀ ਮੰਨਣ ਯੋਗ ਸਮਝਦਾ ਹੈ, ਸਗੋਂ ਇਕੋ ਇਕ ਬੁਢਾ ਦਲ ਦੇ ਫ਼ੈਸਲਿਆਂ ਨੂੰ ਹੀ ਮੰਨਦਾ ਹੈ, ਹੋਰ ਕਿਸੇ ਨੂੰ ਨਹੀਂ।

ਪੰਥ ਵਿਚ ਹੁਕਮਨਾਮਾ ਜਾਰੀ ਹੋਣ ਤੋਂ ਪਹਿਲਾਂ ਪੰਜਾਂ ਪਿਆਰਿਆਂ ਦੀ ਇਕੱਤ੍ਰਤਾ ਵਿਚ ਗੁਰਮਤਾ ਬਣਦਾ ਹੈ ਤੇ ਫਿਰ ਉਸ ਨੂੰ ਉਹਨਾਂ ਹੀ ਪੰਜਾਂ ਪਿਆਰਿਆਂ ਚੋਂ ਜਥੇਦਾਰ ਜਾਰੀ ਕਰਦਾ ਹੈ, ਪਰ ਇਹ ਹੁਕਮਨਾਮਾ ਕੇਵਲ ਇਕੋ ਹੀ ਵਿਅਕਤੀ ਦਾ ਫ਼ੈਸਲਾ ਤੇ ਉਸ ਵਲੋਂ ਹੀ ਜਾਰੀ ਕੀਤਾ ਗਿਆ ਹੈ। ਇਸ ਦੇ ਇਹ ਸ਼ਬਦ ਇਸ ਗੱਲ ਦੀ ਪ੍ਰੋੜ੍ਹਤਾ ਕਰਦੇ ਹਨ:—

"ਮੈਂ ਸਿੰਘ ਸਾਹਿਬ ਬਾਬਾ ਸੰਤਾ ਸਿੰਘ ੯੬ ਕਰੋੜੀ ਜਥੇਦਾਰ ਸ਼ਰੋਮਣੀ ਬੁਢਾ ਦਲ ਚਲਦਾ ਵਹੀਰ ਅਤੇ ਜਥੇਦਾਰ ਪੰਜਵਾਂ ਤਖ਼ਤ ਗੁਰ ਮਰਯਾਦਾ ਨੂੰ ਦੁਹਰਾਉਂਦੇ ਹੋਏ ਇਹ ਫ਼ੈਸਲਾ ਦਿੰਦਾ ਹੋਇਆ



www.AKJ.Org

ਸਮੂਹ ਖ਼ਾਲਸਾ ਜੀ ਨੂੰ ਇਹ ਹੁਕਮਨਾਮਾ ਜਾਰੀ ਕਰਦਾ ਹਾਂ।''

ਪੰਥ ਵਿਚ ਕੋਈ ਵੀ ਇਕ ਵਿਅਕਤੀ, ਉਹ ਭਾਵੇਂ ਕਿਤਨਾ ਵੀ 'ਪ੍ਰਮਾਣੀਕ' ਪਿਆ ਹੋਵੇ, ਕਿਤਨਾ ਹੀ ਸ਼ਕਤੀਸ਼ਾਲੀ ਤੇ ਸਤਾਧਾਰੀ ਪਿਆ ਹੋਵੇ, ਸਮੂਚੇ ਪੰਥ ਨੂੰ 'ਹੁਕਮਨਾਮਾ' ਜਾਰੀ ਕਰਨ ਦਾ ਮਜਾਜ਼ ਹਰਗਿਜ਼-ਹਰਗਿਜ਼ ਨਹੀਂ ਹੈ।

ਪੰਥ ਵਿਚ ਪੰਜ ਪਿਆਰਿਆਂ ਦੀ ਹੈਸੀਅਤ ਗੁਰੂ ਬਰਾਬਰ ਹੈ, ਪੰਜ ਪਿਆਰੇ ਗੁਰੂ ਰੂਪ ਹਨ, ਉਹਨਾਂ ਉਤੇ ਕੋਈ ਵੀ ਵਿਅਕਤੀ ਵਿਸ਼ੇਸ਼ ਕਿੰਤੂ ਨਹੀਂ ਕਰ ਸਕਦਾ, ਪਰ ਜਥੇਦਾਰ ਜੀ, ਪੰਥ ਸ਼ਰੋਮਣੀ ਬੁਢਾ ਦਲ ਦੀ ਜਥੇਦਾਰੀ ਦੇ ਨਸ਼ੇ ਵਿਚ, ਪੰਥ ਦੀ ਧਰਮਧੁਜਾ ਹੋਣ ਦੇ ਸਰੂਰ ਵਿਚ ਅਤੇ ਪੰਜਵੇਂ ਤਖ਼ਤ ਦੀ ਜਥੇਦਾਰੀ ਦੇ ਨਸ਼ੇ ਵਿਚ ਫ਼ੁਰਮਾਂਦੇ ਹਨ:—

''ਅਸੀਂ ੯੬ ਕਰੋੜੀ ਸ਼ਰੋਮਣੀ ਪੰਥ ਅਕਾਲੀ ਬੁਢਾ ਦਲ ਅਤੇ ਪੰਜਵੇਂ ਤਖ਼ਤ ਦੇ ਜਥੇਦਾਰ ਦੀ ਹੈਸੀਅਤ ਵਿਚ ਇਹ ਗੱਲ ਡੰਕੇ ਦੀ ਚੋਟ ਨਾਲ ਕਹਿੰਦੇ ਹਾਂ ਕਿ ਪੰਜ ਪਿਆਰਿਆਂ ਨੇ ਭਾਰੀ ਅਵੱਗਿਆ ਕੀਤੀ ਹੈ।''

[ਪੰਨਾ ੩, ੧੦-੧੧-੭੬

ਆਪਣੇ ਇਸ ਫ਼ੈਸਲੇ ਵਿਚ ਉਹਨਾਂ ਨੇ ਦੋ ਵੇਰਾਂ ਪੰਜਾਂ ਪਿਆਰਿਆਂ ਨੂੰ ਦੋਸ਼ੀ ਠਹਿਰਾਇਆ ਹੈ।

ਜਿਥੋਂ ਤੀਕ ਸਤਿਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਦਾ ਸਬੰਧ ਹੈ, ਉਹਨਾਂ ਦੀ ਬਰਾਬਰੀ ਉਤੇ ਕਿਸੇ ਹੋਰ ਗ੍ਰੰਥ ਦਾ ਪ੍ਰਕਾਸ਼ ਕਰਨਾ, ਭਾਵੇਂ ਉਹ ਦਸਮ ਗ੍ਰੰਥ ਹੀ ਕਿਉਂ ਨਾ ਹੋਵੇ, ਦਸ ਗੁਰੂ ਜੋਤਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਨਿਰਾਦਰੀ ਕਰਨਾ ਹੈ। ਦਸਮ ਪਾਤਸ਼ਾਹ ਨੇ ਜਿਸ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰੂ-ਗਦੀ ਬਖ਼ਸ਼ੀ ਹੈ, ਗੁਰ-ਗਦੀ ਉਤੇ ਉਹੋ ਹੀ ਬਿਰਾਜ-ਮਾਨ ਹੋ ਸਕਦੇ ਅਤੇ ਪ੍ਰਕਾਸ਼ੇ ਜਾ ਸਕਦੇ ਹਨ।

ਜੱਥੇਦਾਰ ਦੇ ਇਸ ਫ਼ੈਸਲੇ ਨਾਲ ਕਈ ਪ੍ਰਕਾਰ ਦੀਆਂ ਗ਼ਲਤ-ਫਹਿਮੀਆਂ ਪੈਦਾ ਹੋ ਸਕਦੀਆਂ ਹਨ। ਇਸ ਸੰਬੰਧ ਵਿਚ ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਪੋਜ਼ੀਸ਼ਨ ਸਾਫ਼ ਕਰਨੀ ਚਾਹੀਦੀ ਹੈ।

ਮਰਯਾਦਾ ਸਬੰਧੀ ਬੁਢਾ ਦਲ ਦਾ ਦਿਤਾ ਫ਼ੈਸਲਾ ਪ੍ਰਮਾਣੀਕ ਹੈ ਜਾਂ ਸ਼ਰੋਮਣੀ ਗੁ: ਪ੍ਰ: ਕਮੇਟੀ ਵਲੋਂ ਪ੍ਰਕਾਸ਼ਤ ਕੀਤੀ ''ਸਿਖ ਰਹਿਤ ਮਰਯਾਦਾ'' ਅਨੁਸਾਰ ਮਰਯਾਦਾ ਪ੍ਰਮਾਣੀਕ ਹੈ ?

ਬੋਰਡ ਸਚਖੰਡ ਸ੍ਰੀ ਹਜ਼ੂਰ ਸਾਹਿਬ ਦੇ ਅਧਿ-ਕਾਰੀਆਂ ਨੇ, ਜਿਨ੍ਹਾਂ ਨੇ ਕਿ ਜਥੇਦਾਰ ਜੀ ਨੂੰ ਲਿਖ ਕੇ ਦੇ ਦਿਤਾ ਹੋਇਆ ਹੈ, ਕਿ ਉਹਨਾਂ ਦਾ ਕੀਤਾ ਹੋਇਆ ਫ਼ੈਸਲਾ ਪਰਵਾਨ ਕਰਨਗੇ, ਨੂੰ ਵੀ ਆਪਣੀ ਪੁਜ਼ੀਸ਼ਨ ਸਾਫ਼ ਕਰਨੀ ਚਾਹੀਦੀ ਹੈ ਕਿ ਉਹਨਾਂ ਦਾ ਫ਼ੈਸਲਾ, ਜਿਹੜਾ ਕਿ ਪੰਥਕ ਰਵਾਇਤਾਂ, ਪੰਥਕ ਪਰੰਪਰਾਵਾਂ ਅਤੇ ਤਿੰਨ ਸੌ ਸਾਲ ਤੋਂ ਚਲੀਆਂ ਆ ਰਹੀਆਂ ਪੰਥਕ ਧਾਰਾਵਾਂ ਦੇ ਵਿਰੁਧ ਹੈ, ਪੰਥਕ ਸ਼ੀਰਾਜ਼ੇ ਨੂੰ ਖੇਰੂੰ ਖੇਰੂੰ ਕਰ ਦੇਣ ਦਾ ਕਾਰਨ ਬਣ ਸਕਦਾ ਹੈ। ਅਜਿਹੇ ਫੈਸਲੇ ਨੂੰ ਮੰਨਣ ਲਈ ਉਹ ਅਜ ਵੀ ਤਤਪਰ ਹੈ ?

ਦਾਸ—ਸੰਗਤ ਸਿੰਘ ਸੇਠੀ
ਰਣਜੀਤ ਬੰਬੇ, ਗੁਰੂ ਨਾਨਕ ਅੰਕ, ੧੯੭੬

## (ਖ) ਸਪੋਕਸਮੈਨ ਦਿਲੀ

[ਅੰਗਰੇਜ਼ੀ ਦਾ ਪੰਜਾਬੀ ਉਲਥਾ]

### ਧਰਮ ਅਸਥਾਨ ਦੀ ਬੇ-ਅਦਬੀ ਅਤੇ ਅਪਮਾਨ

ਨਿਹੰਗ ਸਿੰਘਾਂ ਦੇ ਬੁੱਢੇ ਦਲ ਦੇ ਜਥੇਦਾਰ ਬਾਬਾ ਸੰਤਾ ਸਿੰਘ ਜੀ ਦਾ ਹੁਕਮਨਾਮਾ, ਜੋ ਉਨ੍ਹਾਂ ਨੇ ਹਜ਼ੂਰ ਸਾਹਿਬ ਤੋਂ ਜਾਰੀ ਕੀਤਾ ਹੈ, ਸੁਣ ਕੇ ਹਰ ਸਮਝਦਾਰ ਅਤੇ ਸ਼ਰਧਾਲੂ ਸਿਖ ਦੇ ਅੰਦਰ ਕੁਦਰਤੀ ਤੌਰ ਤੇ ਹੈਰਾਨੀ ਅਤੇ ਰੋਸ ਦੀ ਲਹਿਰ ਉਠ ਖਲੋਤੀ ਹੈ। ਇਹ ਹੁਕਮਨਾਮਾ ਓਥੋਂ ਦੇ ਪੂਜਾ-ਪਾਠ ਅਤੇ ਹੋਰ ਮਰ-ਯਾਦਾ ਬਾਰੇ ਹੈ। ਹਜ਼ੂਰ ਸਾਹਿਬ ਨੰਦੇੜ ਦੇ ਨੇੜੇ ਹੈ ਅਤੇ ਇਸ ਅਸਥਾਨ ਨੂੰ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ ਆਪਣੇ ਜੀਵਨ ਦੇ ਅਖ਼ੀਰਲੇ ਹਿੱਸੇ ਵਿਚ ਕਾਫੀ ਦੇਰ ਠਹਿਰ ਕੇ ਪਵਿੱਤਰ ਕੀਤਾ ਹੈ। ਇਹ ਲਿਖਤੀ ਹੁਕਮ-ਨਾਮਾ ਸ: ਰਛਪਾਲ ਸਿੰਘ ਬੇਦੀ, ਜਿਸ ਨੂੰ ਬਾਬਾ ਜੀ ਦਾ ਸਕੱਤਰ ਕਹਿੰਦੇ ਹਨ, ਨੇ ਪ੍ਰਕਾਸ਼ਤ ਕੀਤਾ ਹੈ। ਇਸ ਵਿੱਚੋਂ ਲਾਪਰਵਾਹੀ ਦੀ ਬੂ ਆਉਂਦੀ ਹੈ, ਕਿਉਂਕਿ ਬਾਬਾ ਜੀ ਨੇ ਆਪਣੇ ਆਪ ਨੂੰ ''੯੬ ਕਰੋੜੀ'' ਅਤੇ ਆਪਣੇ ਦਲ ਨੂੰ ''ਪੰਜਵਾਂ ਤਖਤ ਚਲਦਾ ਵਹੀਰ'' ਕਰਕੇ ਕਿਹਾ ਹੈ, ਅਤੇ ਇਹ ਭੀ



www.AKJ.Org

ਬੜੇ ਫ਼ਖ਼ਰ ਨਾਲ ਕਿਹਾ ਹੈ ਕਿ ਖ਼ਾਲਸਾ ਪੰਥ ਦੇ ਇਤਿਹਾਸ ਵਿਚ ਇਹ ਇਸ ਕਿਸਮ ਦਾ ਤੀਜਾ ਹੁਕਮਨਾਮਾ ਹੈ—ਪਹਿਲਾ ਹੁਕਮਨਾਮਾ ਅਕਾਲੀ ਫੂਲਾ ਸਿੰਘ ਨੇ ਮਹਾਰਾਜਾ ਰਣਜੀਤ ਸਿੰਘ ਦੇ ਨਾਂ ਜਾਰੀ ਕੀਤਾ ਸੀ ਅਤੇ ਦੂਜਾ ਜਥੇਦਾਰ ਅੱਛਰ ਸਿੰਘ ਜੀ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਅੰਮ੍ਰਿਤਸਰ ਤੋਂ ਮਾਸਟਰ ਤਾਰਾ ਸਿੰਘ ਅਤੇ ਸੰਤ ਫ਼ਤਹ ਸਿੰਘ ਦੇ ਬਾਰੇ ਜਾਰੀ ਕੀਤਾ ਸੀ। ਅਤੇ ਬਾਬਾ ਜੀ ਨੇ ਪਹਿਲੋਂ ਹੀ ਕਹਿ ਦਿੱਤਾ ਹੈ ਕਿ ਜਿਹੜਾ ਇਸ ਹੁਕਮਨਾਮੇ ਨੂੰ ਮਨ ਬਚ ਕਰਮ ਕਰਕੇ ਪ੍ਰਵਾਨ ਨਹੀਂ ਕਰੇਗਾ ਉਹ ਬੱਜਰ ਤਨਖ਼ਾਹੀਆ ਕਰਾਰ ਦਿੱਤਾ ਜਾਏਗਾ।

ਇਸ ੩੦-ਧਾਰਾਵਾਂ ਵਾਲੇ ਅਖਉਤੀ ਗੁਰ-ਮਰਯਾਦਾ ਦੇ ਚਿੱਠੇ (ਹੁਕਮਨਾਮੇ) ਵਿਚ ਪੰਜ ਚੰਗੀਆਂ ਗੱਲਾਂ ਹਨ, ਜਿਹਾ ਕਿ ਕੋਈ ਭੀ ਮਹਾਨ ਵਿਅਕਤੀ ਜਾਂ ਵੱਡੀ ਹਸਤੀ ਪਾਵਨ ਤਖ਼ਤ ਹਜ਼ੂਰ ਸਾਹਿਬ ਅਤੇ ਉਸਦੀਆਂ ਪਰਕਰਮਾਂ ਵਿਚ ਮੱਥਾ ਨਹੀਂ ਟਿਕਵਾ ਸਕਦਾ ਅਤੇ ਨਾ ਹੀ ਗੁਰੂ ਕੇ ਲੰਗਰ ਦੇ ਮੁਕਾਬਲੇ ਵਿਚ ਆਪਣਾ ਲੰਗਰ ਚਲਾ ਸਕਦਾ ਹੈ, ਗੁੱਝੀ ਬੀਮਾਰੀ ਵਾਲਾ ਕੋਈ ਵਿਅਕਤੀ ਹੈੱਡ ਪੁਜਾਰੀ ਦੇ ਪਦ ਉਤੇ ਨਹੀਂ ਰਹਿ ਸਕਦਾ, ਕੋਈ ਭੀ ਸ਼ਰਾਬ ਪੀ ਕੇ ਧਾਰਮਕ ਜਲੂਸ ਵਿਚ ਹਿੱਸਾ ਨਹੀਂ ਲੈ ਸਕਦਾ, ਗੋਲਕ ਪੁਜਾਰੀ ਦੇ ਘਰ ਨਹੀਂ ਰੱਖੀ ਜਾ ਸਕਦੀ। ਬਾਕੀ ਦੀਆਂ ਵਿੱਚੋਂ ਬਹੁਤ ਸਾਰੀਆਂ ਧਾਰਾਵਾਂ ਬਿਲਕੁਲ ਹਾਨੀਕਾਰਕ ਹਨ ਅਤੇ ਗੁਰੂ ਸਾਹਿਬਾਨ ਦੀ ਸਿਖਿਆ ਅਤੇ ਉਨ੍ਹਾਂ ਦੀ ਚਲਾਈ ਹੋਈ ਮਰਯਾਦਾ ਦੇ ਬਿਲਕੁਲ ਵਿਰੁਧ ਹਨ। ਉਨ੍ਹਾਂ ਵਿਚੋਂ ਕੁਝ ਕੁ ਦੀ ਪੜਚੋਲ ਕਰਦੇ ਹਾਂ।

ਤੀਸਰੀ ਧਾਰਾ ਵਿਚ ਲਿਖਿਆ ਹੈ ਕਿ ਜੇ ਤਪ-ਅਸਥਾਨ ਦੇ ਦਰਵਾਜ਼ੇ ਸਦਾ ਖੁਲ੍ਹੇ ਰੱਖੇ ਜਾਣ ਜਾਂ ਸ਼ੀਸ਼ੇ ਦੇ ਦਰਵਾਜ਼ੇ ਲਾਏ ਜਾਣ, ਜਿਨ੍ਹਾਂ ਵਿਚੋਂ ਸਭ ਕੁਝ ਨਜ਼ਰ ਆ ਸਕੇ ਤਾਂ ਦਰਸ਼ਨ ਦੀਦਾਰਿਆਂ ਦੀ ਸ਼ਰਧਾ ਘਟੇਗੀ। ਇਸ ਲਈ ਨਿਯਤ ਸਮੇਂ ਸਿਰ ਹੀ ਦਰਸ਼ਨ ਕਰਵਾਏ ਜਾਣੇ ਠੀਕ ਹਨ, ਤਾਂ ਜੁ ਦਰਸ਼ਨਾਂ ਦੀ ਖਿੱਚ ਬਣੀ ਰਹੇ। ਇਹ ਤਾਂ ਬਿਲਕੁਲ ਹਿੰਦੂ ਮੰਦਰਾਂ ਵਾਂਗ ਹੀ ਹੋ ਗਿਆ, ਜਿਥੇ ਕਿ ਮਹੰਤਾਂ ਦਾ ਮੁਖ ਮੰਤਵ ਧਨ ਇਕੱਠਾ ਕਰਨਾ ਹੀ ਹੁੰਦਾ ਹੈ। ਗੁਰੂ ਸਾਹਿਬਾਂ ਦਾ ਹੁਕਮ ਸੀ ਕਿ ਗੁਰਦੁਆਰੇ ਅੰਮ੍ਰਿਤ ਵੇਲੇ ਤੋਂ ਲੈ ਕੇ ਅੱਧੀ ਰਾਤ ਤਕ ਸਾਰਿਆਂ ਵਾਸਤੇ ਖੁਲ੍ਹੇ ਰਖੇ ਜਾਣ। ਜਿਹੜੇ ਰੱਬੀ ਅਸਥਾਨ ਦੇ ਦਰਸ਼ਨ ਕਰਨਾ ਚਾਹੁੰਦੇ ਹਨ ਉਨ੍ਹਾਂ ਵਾਸਤੇ ਦਰਵਾਜ਼ੇ ਬੰਦ ਨਹੀਂ ਕੀਤੇ ਜਾ ਸਕਦੇ। ਇਸ ਹੁਕਮਨਾਮੇ ਦੀ ਛੇਵੀਂ ਧਾਰਾ ਦੇ ਮੁਤਾਬਿਕ ਹੋਰਨਾਂ ਗੱਲਾਂ ਦੇ ਨਾਲ ਤਖ਼ਤ ਸਾਹਿਬ ਉਤੇ ਸੁੰਦਰ ਅਤੇ ਦਰਸ਼ਨੀ ਗਲੀਚੇ ਵਿਛਾਏ ਜਾਣੇ ਅਤਿ ਜ਼ਰੂਰੀ ਹਨ। ਗੁਰੂ ਸਾਹਿਬਾਂ ਨੇ ਕਦੇ ਵੀ ਗੁਰਧਾਮਾਂ ਦੀ ਫ਼ਜ਼ੂਲ ਸਜ ਸਜਾਵਟ ਦੀ ਹਾਮੀ ਨਹੀਂ ਸੀ ਭਰੀ,ਕਿਉਂਕਿ ਗੁਰਧਾਮਾਂ ਤੋਂ ਪਵਿੱਤ੍ਰਤਾ ਅਤੇ ਰੱਬੀ ਪਿਆਰ ਫੁਟ ਫੁਟ ਪੈਣਾ ਚਾਹੀਦਾ ਹੈ, ਨਾ ਕਿ ਦੌਲਤ ਅਤੇ ਅਮੀਰੀ ਸਾਜ਼ੋ ਸਮਾਨ ਦੀ ਝਲਕ।

੧੨ਵੀਂ ਧਾਰਾ ਰਾਹੀਂ ਪਾਵਨ ਦੇਗ ਨਾਲ ਸੁਖੇ (ਭੰਗ) ਦਾ ਮਿਲਾਣਾ ਅਤੀ ਜ਼ਰੂਰੀ ਦਰਸਾਇਆ ਗਿਆ ਹੈ। ਇਹ ਉਸ ਮਰਯਾਦਾ ਦੇ, ਜਿਹੜੀ ਕਿ ਅੱਜ ਤਕ ਚਲੀ ਆ ਰਹੀ ਹੈ, ਬਿਲਕੁਲ ਉਲਟ ਹੈ। ਗੁਰੂ ਨਾਨਕ ਸਾਹਿਬ ਦੇ ਸ਼ਾਨਦਾਰ ਅਤੇ ਮਹੱਤਵ ਭਰੇ ਪੂਰਨ ਸਮੇਂ ਤੋਂ ਹੀ ਪਾਵਨ ਕੜਾਹ ਪਰਸ਼ਾਦ ਦੀ ਦੇਗ ਘਿਉ, ਖੰਡ ਅਤੇ ਕਣਕ ਦੇ ਆਟੇ ਤੋਂ ਤਿਆਰ ਹੁੰਦੀ ਚਲੀ ਆ ਰਹੀ ਹੈ। ਸੁੱਖਾ ਤਾਂ ਕੇਵਲ ਨਿਹੰਗ ਸਿੰਘ ਹੀ ਵਰਤਦੇ ਹਨ, ਬਾਕੀ ਸਿਖ ਜਨਤਾ ਇਸ ਨੂੰ ਨਹੀਂ ਵਰਤਦੀ। ਇਸ ਤਰੀਕੇ ਨਾਲ ਬਾਬਾ ਜੀ ਨੇ ਆਪਣੀ ਛਕੰਤਰ (ਛਕਣ ਵਾਲੀ ਸ਼ੈ) ਨੂੰ ਪਾਵਨ ਕੜਾਹ ਪਰਸ਼ਾਦ ਨਾਲ ਘਸੋੜਨ ਦਾ ਯਤਨ ਕੀਤਾ ਹੈ।

੧੩ਵੀਂ ਧਾਰਾ ਮੁਤਾਬਿਕ ਬਾਬਾ ਜੀ ਚਾਹੁੰਦੇ ਹਨ ਕਿ ਉਨ੍ਹਾਂ ਦੇ ਬੁੱਢੇ ਦਲ ਨੂੰ ਪੰਜਵਾਂ ਤਖ਼ਤ ਸਮਝ ਕੇ ਅਰਦਾਸ ਵਿਚ ਸ਼ਾਮਿਲ ਕੀਤਾ ਜਾਵੇ। ਗੁਰੂ ਗੋਬਿੰਦ ਸਿੰਘ ਸਾਹਿਬ ਨੇ ਕੇਵਲ ਚਾਰ ਤਖ਼ਤ ਹੀ ਅਸਥਾਪਨ ਕੀਤੇ ਸਨ - ਅਕਾਲ ਤਖ਼ਤ ਸ੍ਰੀ ਅੰਮ੍ਰਿਤਸਰ, ਗੁਰਦਵਾਰਾ ਕੇਸ ਗੜ੍ਹ ਸਾਹਿਬ ਅਨੰਦਪੁਰ, ਗੁਰਦਵਾਰਾ ਹਰਿਮੰਦਰ ਸਾਹਿਬ ਪਟਨਾ ਅਤੇ ਗੁਰਦਵਾਰਾ ਸਚਖੰਡ ਸਾਹਿਬ ਹਜ਼ੂਰ ਸਾਹਿਬ। ਕੁਝ



www.AKJ.Org

ਸਮਾਂ ਹੋਇਆ ਹੈ ਕਿ ਸ਼੍ਰੋਮਣੀ ਗੁਰਦਵਾਰਾ ਪਰਬੰਧਕ ਕਮੇਟੀ ਨੇ ਦਮਦਮਾ ਸਾਹਿਬ (ਤਲਵੰਡੀ ਸਾਬੋ, ਜ਼ਿਲਾ ਬਠਿੰਡਾ ਪੰਜਾਬ) ਨੂੰ ਪੰਜਵਾਂ ਤਖ਼ਤ ਸ਼ਾਮਲ ਕਰਨ ਦਾ ਫੈਸਲਾ ਕੀਤਾ ਸੀ। ਪਰ ਸ਼੍ਰੋਮਣੀ ਕਮੇਟੀ ਨੂੰ ਇਹ ਫੈਸਲਾ ਵਾਪਸ ਲੈਣਾ† ਪਿਆ, ਕਿਉਂਕਿ ਸਿਖਾ ਨੇ ਹਰ ਜਗ੍ਹਾ ਇਸ ਦੇ ਖ਼ਿਲਾਫ਼ ਆਪਣੀ ਆਵਾਜ਼ ਬੁਲੰਦ ਕੀਤੀ। ਤਾਂ ਫਿਰ ਇਹ ਕਿਸ ਤਰ੍ਹਾਂ ਹੋ ਸਕਦਾ ਹੈ ਕਿ ਬਾਬਾ ਜੀ ਵਰਗੀ ਇਕ ਮਨੁੱਖ ਵਿਅਕਤੀ ਦਸਵੇਂ ਪਾਤਸ਼ਾਹ ਵਰਗੀ ਮਹਾਨ ਹਸਤੀ ਦੇ ਅਧਿਕਾਰ ਆਪਣੇ ਹੱਥ ਲੈਣ ਦਾ ਢਕੋਂਸਲਾ ਜਮਾ ਸਕੇ ? ਨਾਲੇ ਤਖ਼ਤ ਤਾਂ ਕਿਸੇ ਅਸਥਾਨ ਤੇ ਅਸਥਿਤ ਗੁਰ-ਧਾਮ ਹੀ ਹੋ ਸਕਦਾ ਹੈ, ਜਿਥੇ ਸ਼ਰਧਾਲੂ ਜਨ ਆ ਕੇ ਆਪਣੀ ਸ਼ਰਧਾ ਭੇਟ ਕਰ ਸਕਣ। ਇਕ ਚਲਤੂ ਫਿਰਤੂ ਨਿਹੰਗ ਸਿੰਘਾਂ ਦਾ ਦਲ ਤਖ਼ਤ ਕਿਵੇਂ ਅਖਵਾ ਸਕਦਾ ਹੈ ?

੧੫ਵੀਂ ਧਾਰਾ ਮੁਤਾਬਿਕ ਨਾਰੀਅਲ ਅਤੇ ਕੁੰਭ ਅਖੰਡਪਾਠ ਸਮੇਂ ਰਖਣੇ ਠੀਕ ਕਹੇ ਗਏ ਹਨ। ਅਤੇ ੧੬ਵੀਂ ਧਾਰਾ ਮੁਤਾਬਿਕ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਸ਼ਸਤਰਾਂ ਨੂੰ ਚੰਦਨ ਦਾ ਟਿਕਾ ਅਤੇ ਅਤਰ ਲਗਾਉਣਾ ਸਹੀ ਦੱਸਿਆ ਗਿਆ ਹੈ। ਇਹ ਸਭ ਕੁਝ ਇੰਜ ਜਾਪਦਾ ਹੈ ਜਿਵੇਂ ਕਿ ਹਿੰਦੂਆਂ ਦੇ ਫ਼ਜ਼ੂਲ ਰਸਮੋ ਰਿਵਾਜ (ਕਰਮ ਕਾਂਡ) ਮੁੜ ਸੁਰਜੀਤ ਕੀਤੇ ਜਾ ਰਹੇ ਹਨ। ਦਸਾਂ ਗੁਰੂ ਸਾਹਿਬਾਂ ਨੇ ਇਨ੍ਹਾਂ ਕਰਮ ਕਾਂਡਾਂ ਦਾ ਪੁਰਜ਼ੋਰ ਖੰਡਨ ਕੀਤਾ ਸੀ।

੧੭ਵੀਂ ਧਾਰਾ ਮੁਤਾਬਿਕ ਚੁਟੰਗੇ (ਬਕਰੇ ਦੇ ਲਹੂ) ਦਾ ਤਿਲਕ ਪਾਵਨ ਸ਼ਸਤਰਾਂ ਨੂੰ ਲਗਾਣਾ ਠੀਕ ਕਿਹਾ ਹੈ। ਭਾਵੇਂ ਗੁਰੂ ਗੋਬਿੰਦ ਸਿੰਘ ਜੀ ਨੇ ਸਿਖਾਂ ਨੂੰ ‡ਮਾਸ ਖਾਣੋਂ ਨਹੀਂ ਰੋਕਿਆ, ਪਰ ਉਨ੍ਹਾਂ ਨੇ ਗੁਰੂ ਕੇ ਲੰਗਰ ਵਿਚ ਮਾਸ ਦੇ ਰਿੰਨ੍ਹਣ ਜਾਂ ਵਰਤਾਉਣ ਦੀ ਆਗਿਆ ਨਹੀਂ ਸੀ ਦਿਤੀ। ਅਤੇ ਇਹ ਮਰਯਾਦਾ ਸਭ ਗੁਰਦਵਾਰਿਆਂ ਵਿਚ ਚਲੀ ਆ ਰਹੀ ਹੈ। ਤਾਂ ਫਿਰ ਹਜ਼ੂਰ ਸਾਹਿਬ ਦੀ ਪਾਵਨ ਹੱਦ ਅੰਦਰ ਹੁਣ ਕਿਸਤਰ੍ਹਾਂ ਬਕਰਾ ਮਾਰਿਆ ਜਾ ਸਕਦਾ ਹੈ। ਵਡੀ ਗੱਲ ਇਹ ਹੈ ਕਿ ਇਹ ਕੁਰਬਾਨੀ ਦੀ ਭੇਟਾ ਹਿੰਦੂਆਂ ਦੀ ਦੁਰਗਾ ਮਾਤਾ ਨੂੰ ਭੇਟਾ ਦੇਣ ਦੇ ਰਿਵਾਜ ਨਾਲ ਮੇਲ ਖਾਂਦੀ ਹੈ, ਅਤੇ ਗੁਰੂ ਸਾਹਿਬਾਂ ਨੇ ਇਸ ਦਾ ਤਿਆਗ ਕਰਵਾਇਆ ਸੀ। ਗੁਰੂ ਸਾਹਿਬਾਂ ਨੇ ਆਪਣੇ ਅਨੁਆਈਆਂ ਨੂੰ ਤਿਲਕ ਦਾ ਤਿਆਗ ਕਰਨ ਦਾ ਹੁਕਮ ਦਿਤਾ ਸੀ, ਤਾਂ ਫਿਰ ਪਵਿੱਤ੍ਰ ਸ਼ਸਤਰਾਂ ਨੂੰ ਤਿਲਕ ਕਿਵੇਂ ਲਗਾਇਆ ਜਾ ਸਕਦਾ ਹੈ ? ਇੰਜ ਭਾਸਦਾ ਹੈ ਕਿ ਬਾਬਾ ਸੰਤਾ ਸਿੰਘ ਹੁਰੀਂ ਆਪਣੀ ਭੰਗ ਛਕਣ ਵਾਲੀ ਵਾਦੀ ਨੂੰ ਅਤੇ ਫ਼ਜ਼ੂਲ ਹਿੰਦੂ ਕਰਮ ਕਾਂਡਾਂ ਨੂੰ ਹਜ਼ੂਰ ਸਾਹਿਬ (ਜੋ ਕਿ ਸਿਖਾਂ ਦੇ ਮਹਾਂ ਪਵਿੱਤਰ ਗੁਰਧਾਮਾਂ ਵਿਚੋਂ ਇਕ ਹੈ) ਵਿਚ ਸ਼ਾਮਲ ਕਰਨ ਤੇ ਤੁੱਲੇ ਹੋਏ ਹਨ।

ਸਭ ਤੋਂ ਵਡੀ ਹੈਰਾਨੀ ਬਾਬਾ ਜੀ ਦੇ ਇਸ ਕਥਨ ਸੰਬੰਧੀ ਹੈ ਕਿ ਸ਼੍ਰੋ: ਗੁ: ਪ੍ਰ: ਕਮੇਟੀ ਦੇ ਪ੍ਰਧਾਨ ਸ: ਗੁਰਚਰਨ ਸਿੰਘ ਜੀ ਟੋਹੜਾ ਨੇ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਪਰਧਾਨ ਸੰਤ ਹਰਚੰਦ ਸਿੰਘ ਜੀ ਨੇ ਇਨ੍ਹਾਂ ਨੂੰ ਲਿਖਤ ਵਿਚ ਦਿਤਾ ਹੋਇਆ ਹੈ ਕਿ ਉਹ ਆਪਣਾ ਸਾਲਸੀ ਫ਼ੈਸਲਾ ਦੇ ਕੇ ਹਜ਼ੂਰ ਸਾਹਿਬ ਦੇ ਬੰਦੋਬਸਤ ਸਬੰਧੀ ਦੇਰ ਤੋਂ ਚਲਿਆ ਆ ਰਿਹਾ ਝਗੜਾ ਨਜਿਠ ਦੇਣ। ਜੇ ਇਹ ਗੱਲ ਠੀਕ ਹੈ ਤਾਂ ਦੋਵੇਂ ਪਰਧਾਨ ਸਾਹਿਬ ਇਕ ਬਿਆਨ ਰਾਹੀਂ ਸਾਰੀ ਸਿਖ ਜਨਤਾ ਨੂੰ ਵਿਦਿਤ ਕਰਨ ਕਿ ਇਹ ਵਿਅ-ਕਤੀਆਂ ਬਾਬਾ ਸੰਤਾ ਸਿੰਘ ਜੀ ਦੇ ਇਸ ਹੁਕਮਨਾਮੇ ਨੂੰ ਪਰਵਾਨ ਕਰਦੇ ਹਨ ਕਿ ਨਹੀਂ ? ਜੇ ਸ਼੍ਰੋਮਣੀ ਕਮੇਟੀ ਹਜ਼ੂਰ ਸਾਹਿਬ ਦੀ ਪਵਿਤਰਤਾ ਨੂੰ ਕਾਇਮ ਨਹੀਂ ਰਖ ਸਕਦੀ ਜਾਂ ਆਪਣੇ ਅੰਦਰਲੇ ਝੰਬੇਲੇ ਨਿਪਟਾਉਣ ਦੀ ਸਮਰਥਾ ਨਹੀਂ ਰਖਦੀ ਤਾਂ ਉਹ ਉਸ ਭਰੋਸੇ ਅਤੇ ਅਧਿਕਾਰ ਜਿਹੜੇ ਸਿਖ ਸੰਗਤਾਂ ਨੇ ਇਸ ਨੂੰ ਦਿਤੇ ਹੋਏ ਹਨ, ਨਾਲ ਧ੍ਰੋਹ ਕਰਨ ਦੀ ਦੋਸ਼ੀ

†ਪੰਜਵੇਂ ਤਖ਼ਤ ਦਮਦਮਾ ਸਾਹਿਬ ਬਾਰੇ ਸ਼੍ਰੋਮਣੀ ਕਮੇਟੀ ਨੇ ਫ਼ੈਸਲਾ ਕਰ ਕੇ ਵਾਪਸ ਨਹੀਂ ਲਿਆ, ਸਗੋਂ ਸਾਰੇ ਗੁਰਦੁਆਰਿਆਂ ਵਿਚ ਇਸ ਦੇ ਸਮੇਤ ਪੰਜਾਂ ਤਖ਼ਤਾਂ ਦੀ ਅਰਦਾਸ ਹੀ ਹੁੰਦੀ ਹੈ।

‡ਜਿਹੜੀ ਚੀਜ਼ ਗੁਰੂ ਕੇ ਲੰਗਰ ਵਿਚ ਰਿਝਣੀ ਜਾਂ ਵਰਤਾਉਣੀ ਮਨ੍ਹਾ ਹੈ, ਉਹ ਚੀਜ਼ ਗੁਰੂ ਕੇ ਸਿਖਾਂ ਲਈ ਹੋਰ ਥਾਵੇਂ ਖਾਣੀ ਕਿਵੇਂ ਯੋਗ ਹੋ ਸਕਦੀ ਹੈ ? ਗੁਰਬਾਣੀ ਦੇ ਅਨੇਕਾਂ ਹੁਕਮ ਮਾਸ ਖਾਣੋਂ ਵਰਜਦੇ ਹਨ। —ਸੰਪਾਦਕ



www.AKJ.Org

ਹੋਵੇਗੀ । ਇਹ ਕਿਸ ਤਰ੍ਹਾਂ ਹੋ ਸਕਦਾ ਹੈ ਕਿ ਸਰਦਾਰ ਟੋਹੜਾ ਅਤੇ ਸੰਤ ਹਰਚੰਦ ਸਿੰਘ ਜੀ ਪਹਿਲੋਂ ਹੀ ਬਾਬਾ ਸੰਤਾ ਸਿੰਘ ਵਰਗੀ ਇਕੱਲੀ ਵਿਅਕਤੀ ਦੇ ਫ਼ੈਸਲੇ ਸਬੰਧੀ ਲਿਖਤੀ ਪਰਵਾਨਗੀ ਦੇ ਦੇਣ ਜਿਸ ਬਾਰੇ ਕਿ ਉਨ੍ਹਾਂ ਨੂੰ ਪਤਾ ਹੀ ਨਹੀਂ ਹੈ ਕਿ ਇਸ ਵਿਚ ਕੀ ਕੁਝ ਲਿਖਿਆ ਹੈ । ਅਤੇ ਜੇ ਇਹ ਬਾਬਾ ਜੀ ਦੇ ਸਬਜ਼ ਬਾਗ਼ ਵੇਖ ਕੇ ਭੁਲ ਗਏ ਤਾਂ ਇਹ ਆਪਣੀ ਇਸ ਗ਼ਲਤੀ ਦੀ ਦਰੁਸਤੀ ਕਰਨ ।

ਇਸ ਵਿਚ ਇਕ ਛੋਟਾ ਜਿਹਾ ਹੋਰ ਨੁਕਸ ਭੀ ਹੈ । ਸਰਦਾਰ ਰਲਾ ਸਿੰਘ ਨੇ ਜੋ ਕਿ ਹਜ਼ੂਰ ਸਾਹਿਬ ਦੇ ਗੁਰਦਵਾਰਾ ਬੋਰਡ ਦਾ ਸੁਪ੍ਰਿੰਟੈਂਡੈਂਟ ਅਤੇ ਖ਼ਾਸ-ਅਫ਼ਸਰ ਹੈ, ਸਾਰਿਆਂ ਸਿੱਖਾਂ ਨੂੰ ਬਾਬਾ ਸੰਤਾ ਸਿੰਘ ਦੇ ਇਸ ਬਿਆਨ (ਹੁਕਮਨਾਮੇ) ਨੂੰ ਮੰਨਣ ਲਈ ਕਿਹਾ ਹੈ । ਇਸ ਬੋਰਡ ਦੇ ਬਹੁਤ ਸਾਰੇ ਵਿਅਕਤੀ ਸਰਕਾਰ ਦੇ ਆਪਣੇ ਹੀ ਨੀਯਤ ਕੀਤੇ ਹੁੰਦੇ ਹਨ, ਅਤੇ ਇਹ ਬੋਰਡ, ਮਹਾਰਾਸ਼ਟਰਾ ਦੇ ਚੀਫ਼ ਮੰਤ੍ਰੀ ਸ: ਬ: ਚਵਾਨ ਦੇ ਇਸ਼ਾਰੇ ਤੇ ਚਲਦਾ ਹੈ । ਕੀ ਇਹ ਇਕ ਸਿਆਸੀ ਆਦਮੀ ਦਾ ਇਕ ਨਿਹੰਗ ਨੇਤਾ ਦੇ ਜ਼ਾਤੀ ਪ੍ਰਭਾਵ ਨੂੰ ਵਰਤ ਕੇ ਤਖ਼ਤ ਹਜ਼ੂਰ ਸਾਹਿਬ ਦੀ ਪਵਿਤਰਤਾ ਨੂੰ ਮਿਟਾ ਦੇਣਾ ਅਤੇ ਸਿਖੀ ਮਰਯਾਦਾ ਨੂੰ ਵਿਗਾੜਨਾ ਨਹੀਂ ਹੈ ? ਜੇ ਸਿਖਾਂ ਨੇ ਇਸ ਦੀ ਅਕਲ ਠਿਕਾਣੇ ਨਾ ਲਿਆਂਦੀ ਅਤੇ ਇਸ ਨੂੰ ਅਜਿਹੀਆਂ ਚਲਾਕੀਆਂ ਕਰਨ ਤੋਂ ਨਾ ਰੋਕਿਆ ਤਾਂ ਸਿਖਾਂ ਦਾ ਇਹ ਪਵਿਤਰ ਗੁਰਧਾਮ ਛੇਤੀ ਹੀ ਹਿੰਦੂ ਠਾਕਰ-ਦਵਾਰਾ ਬਣ ਕੇ ਰਹਿ ਜਾਏਗਾ ।

[ਸਪੋਕਸਮੈਨ, ਦਿੱਲੀ 15-11-76

# ATROCIOUS AND SACRILEGIOUS

Horror, coupled with rage, is the natural reaction of every sane and devolted Sikh to the so-called "Hukamnama" issued by Baba Santa Singh, Jethedar of the "Budha Dal" of Nihangs, about the mode of worship and other activities at Hazur Sahib, near Nanded, which is hallowed by Guru Gobind Singh's prolonged stay there toward the twilight of his sojourn on this earth This "hukamnama" has been handed down in black and white and has been released by Sardar Rachhpal Singh Bedi, who has been described as Babaji's secretary. It smacks of arrogance, as Babaji describes himself as "96 crori" and his group as "roving Fifth Takht" he boasts that his "hukamnama" is only the third in the series during the entire chequered history of the Khalsa Panth—the first such edict was issued by Akali Phoola Singh to Maharaja Ranjit Singh and the second was issued by Golded Temple Head Priest Achhar Singh to mark the sad demises of Master Tara Singh and Sant Fateh Singh—and has announced in advance that anyone who does not abide by the clauses of his verdict, shall be condemned as a "grossly fallen Sikh" (*bajar tankhwahiya*).

The 30-clause so-called ecclesiastical epistle has only five welcome features; it says that no one, however high or mighty has the right to accept obeisance from devotees within the holy precincts of Takht Hazur Sahib or to run a common kitchen of his own parallel with *Guru Ka Langar*; anyone, who is suffering from a venereal disease, cannot become a Pujari at the shrine; no one, who has taken alcohol, should be allowed to take part in religious processions and the "golak" (offeratory) cannot be placed at the residence of the Pujari. But most of the other clauses are utterly obnoxious and run counter to the preachings of the Great Gurus and traditions they had established. We analyse some of them

Clause No. 3 lays down that "if doors of the holy shrine are kept open all the time or if the altar is kept visible all the time with aid of glassed doors, then devotion of the pilgrims would become lessened; hence, the shrine should be thrown open to devotees at fixed hours so that its lure shall remain undiminished." This is in consonance with the custom of some Hindu temples where the main aim of the mahants is to mint money: Gurus had decreed that gurdwaras shall remain open to all from early morning till midnight for the abode of God cannot be closed to those who seek to see it. Clause



www.AKJ.Org

6 says, among others, that "the Takht Sahib must, of necessity, be furnished with beautiful and dazzling woollen carpets." The Gurus had never subscribed to luxurious furnishings of the shrines because they must reflect piety and devotion and not riches and ostentation Under Clause 12, mixing of "*sukha*" (hemp, *bhang*) with the holy *prasad* (*deg*) has been made obligatory; this is antithesis of the tradition which has been followed till today since the glorious days of Guru Nanak and which prescribes that the holy parasad shall be made of ghee, sugar and wheat flour only; moreover, "*sukha*" is being consumed by Nihangs only and not by other Sikhs; in this way the Baba has tried to introduce his own drink into the holy prasad.

According to Clause 13, Baba Santa Singh wants that his Budha Dal must be mentioned as the Fifth Takht (highest seat of religious authority) in the Ardas offered by Sikhs; Guru Gobind Singh had designated only four Takhts—Akal Takht at Amirtsar, Gurdwara Keshgarh Sahib at Anandpur, Gurdwara Harimandir Sahib at Patna, and Gurdwara Sachkhand at Hazur Sahib; some time ago the SGPC had decided to add Damdama Sahib (Talwandi Sabo in Bhatinda district of Punjab) as the fifth Takht but the decision had to be withdrawn because of vociferous Sikh protests from everywhere; then how can a mere mortal like Baba Santa Singh arrogate to himself the authority of the Tenth Master ? Also a Takht has to be a fixed shrine where devotees can throng in; how can a roving band of Ni angs be hailed as a Takht ?

Clause 15 describes as "correct" the placing of coconut and "*kumbh*" during an Akhand Path. Similarly, Clause 1› approves of the application of "chandan da tikka" and "attar" to the holy weapons of Guru Gobind Singh. All this sounds like revival of the useless Hindu rituals which all the ten Sikh Gurus had denounced with so much vehemence. Clause 17 decrees as correct the "*tilak*" to be applied to the holy weapons with the "blood of a four-hoofed he-goat (*chautanga*):" though Guru Gobind Singh had allowed consumption of meat by his followers but he never permitted its cooking or distribution in *Guru Ka Langar*. and this practice is being followed in all gurdwaras; then how can a he-goat be butchered within the holy precincts of Takht Hazur Sahib? Above all, this sacrificial offering is reminiscent of the Hindu practice of offerings to Durga Mata—something which the Gurus had decried; the Great Gurus had also enjoined upon their followers to shun "tilak"; then how can it be applied on the holy weapons? On all appearances, Baba Santa Singh is keen on introducing his own habit of imbibing *sukha* and worthless Hindu rituals into Hazur Sahib which is one of the holiest shrines of Sikhs.

What surprises us most is his claim that he had been given an authority in writing by SGPC President Gurcharan Singh Tohra and Shiromani Akali Dal President Sant Harchand Singh to give this verdict to sort out the ever-present wrangles in the management of Hazur Sahib. If so, both these gentlemen owe an explanation to the Sikhs everywhere they approve of the new verdict given by Baba Santa Singh or not. Also if the SGPC cannot ensure the sanctity of Hazur Sahib or set its house in order, then it is guilty of abdication of authority and confidence reposed by the Sikhs in it. How could Sardar Tohra and Sant Harchand Singh give their consent in writing beforehand to a verdict by an individual like Baba Santa Singh without knowing its contents ? If they had been led by the garden path by the Baba, they must make amends for their folly.

There is another straw in the wind. Baba Santa Singh's verdict has been recommended to all Sikhs by Sardar Rala Singh, Special Office-cum-Superintendent of Hazur Sahib's Gurdwara Board; this board is mostly government-nominated and dances to the tune of Maharashtra Chief Minister S B Chavan. Does not this amount to a politician using the personality of a Nihang leader to corrode the sanctity of Takht Hazur Sahib and corrupt Sikh way of worship ? Unless Sikhs make him wiser and prevent him from indulging in his antics, the holy Sikh shrine would soon be reduced into a Hindu temple.

[*Spokesman*, *Delhi 15-11-76*



www.AKJ.Org

# ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਸਪੱਸ਼ਟੀਕਰਣ

[ਇਹ ਸਪੱਸ਼ਟੀਕਰਣ ਜੋ ਕਿ ਮਿਤੀ ੨੧ ਨਵੰਬਰ ਦੇ ਜਨਰਲ ਸਮਾਗਮ ਵਿਚ ਪਰਵਾਨ ਕੀਤਾ ਗਿਆ, ਸਾਡੇ ਪਾਸ ਮਿਤੀ ੨੭ ਨਵੰਬਰ ਸ਼ਾਮ ਨੂੰ ਪੁਜ਼ਾ। ਓਦੋਂ ਤਕ 'ਸੂਰਾ' ਪੱਤਰ ਦਾ ਇਹ ਪਰਚਾ ਤਕਰੀਬਨ ਸਾਰਾ ਛਪ ਚੁਕਾ ਸੀ, ਪਰ ਇਸ ਨੂੰ ਵੀ ਛਾਪਣਾ ਅਤੀ ਜ਼ਰੂਰੀ ਸੀ। ਭਾਵੇਂ ਇਹ ਸਪੱਸ਼ਟੀਕਰਣ ਬੜੇ ਸੰਕੋਚਵੇਂ ਸ਼ਬਦਾਂ ਵਿਚ ਹੈ, ਪਰ ਇਕ ਗੱਲ ਸਪੱਸ਼ਟ ਹੈ ਕਿ ਇਸ ਵਿਚ ਬੁੱਢਾ ਦਲ ਵਲੋਂ ਗੁਰਮਤਿ ਅਸੂਲਾਂ ਦੇ ਵਿਰੁਧ ਫ਼ੈਸਲਾ ਦਿਤੇ ਜਾਣ ਅਤੇ ਫਿਰ ਇਸ ਨੂੰ ਹੁਕਮਨਾਮੇ ਦੀ ਸੰਗਿਆ ਦੇਣ ਤੇ ਅਸਹਿਮਤੀ ਪਰਗਟ ਕੀਤੀ ਗਈ ਹੈ।

ਏਡੀ ਵਡੀ ਗੰਭੀਰ ਘਟਨਾ ਨੂੰ ਪੋਲੇ ਜਿਹੇ ਸ਼ਬਦਾਂ ਵਿਚ **"ਅਸਹਿਮਤੀ"** ਸ਼ਬਦ ਦੀ ਵਰਤੋਂ ਕਰ ਕੇ ਹੀ ਖਹਿੜਾ ਛੁਡਾ ਲਿਆ ਗਿਆ ਹੈ। ਫ਼ੈਸਲੇ ਵਿਚ ਆਏ ਗੁਰਮਤਿ-ਵਿਰੋਧੀ ਬਾਕੀ ਨੁਕਤਿਆਂ ਸੰਬੰਧੀ ਚੁਪ ਹੀ ਸਾਧ ਛਡੀ ਹੈ। ਜੇ ਰਹਿਤ ਮਰਯਾਦਾ ਤੇ ਹੋਰ ਬੁਨਿਆਦੀ ਸਿਧਾਂਤਾਂ ਬਾਰੇ ਆਪੋ-ਧਾਪੀ ਨੂੰ ਰੋਕਣਾ ਹੈ ਤਾਂ ਸ਼ਰੋਮਣੀ ਕਮੇਟੀ ਅਤੇ ਹੋਰ ਪਰਮੁਖ ਧਾਰਮਿਕ ਸੰਸਥਾਵਾਂ ਨੂੰ ਤਗੜਾ ਸਟੈਂਡ ਲੈਣਾ ਪਵੇਗਾ। ਇਹ ਗੱਲ ਤਾਂ ਹੀ ਸੰਭਵ ਹੈ ਜੇ ਸਾਨੂੰ ਧੜੇ ਨਾਲੋਂ ਧਰਮ ਪਿਆਰਾ ਲਗੇ, ਜੋ ਗੁਰਸਿਖੀ ਦਾ ਅਸਲੀ ਨਿਸ਼ਾਨਾ ਹੈ।

ਅਜੇ ਸ਼ਰੋਮਣੀ ਅਕਾਲੀ ਦਲ ਵਲੋਂ ਜਾਰੀ ਕੀਤੇ ਕਿਸੇ ਸਪੱਸ਼ਟੀਕਰਣ ਦੀ ਸੂਹ ਨਹੀਂ ਮਿਲੀ।—ਸੰਪਾਦਕ]

ਸ਼ਰੋਮਣੀ ਗੁ: ਪ੍ਰ: ਕਮੇਟੀ ਦਾ ਅੱਜ ਦਾ ਇਹ ਜਨਰਲ ਸਮਾਗਮ ਸਰਬ ਸੰਮਤੀ ਨਾਲ ਬੁੱਢਾ ਦਲ ਵਲੋਂ ਤਖ਼ਤ ਸ੍ਰੀ ਹਜ਼ੂਰ ਸਾਹਿਬ ਦੀ ਮਰਯਾਦਾ ਸਬੰਧੀ ਕੀਤੇ ਫ਼ੈਸਲੇ ਦੇ ਸੰਬੰਧ ਵਿਚ ਪੰਥਕ ਪ੍ਰੰਪਰਾ ਤੇ ਰਹਿਤ ਮਰਯਾਦਾ ਨੂੰ ਮੁਖ ਰਖਦਿਆਂ ਹੋਇਆਂ ਸਪੱਸ਼ਟ ਕਰਦਾ ਹੈ ਕਿ—

੧. ਸ੍ਰੀ ਅਕਾਲ ਤਖ਼ਤ ਸਾਹਿਬ, ਸ੍ਰੀ ਅੰਮ੍ਰਿਤਸਰ ਜੀ ਤੋਂ ਜਾਰੀ ਹੋਣ ਵਾਲਾ 'ਹੁਕਮਨਾਮਾ' ਹੀ ਪੰਥ ਵਿਚ ਪ੍ਰਵਾਨਤ ਹੈ ਅਤੇ 'ਹੁਕਮਨਾਮਾ' ਜਾਰੀ ਕਰਨ ਦੇ ਅਧਿਕਾਰ ਕੇਵਲ ਜੱਥੇਦਾਰ ਜੀ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਹੀ ਹਨ। ਬੁੱਢਾ ਦਲ ਵਲੋਂ ਫ਼ੈਸਲੇ ਵਿਚ ਦਰਜ **'ਹੁਕਮਨਾਮੇ' ਦੇ ਸ਼ਬਦ ਨਾਲ ਸ਼ਰੋਮਣੀ ਗੁ: ਪ੍ਰ: ਕਮੇਟੀ ਪੂਰੀ ਤਰ੍ਹਾਂ ਅਸਹਿਮਤ ਹੈ।**

੨. ਖੰਡੇ ਦਾ ਅੰਮ੍ਰਿਤ ਛੱਕਣ ਦਾ ਗੁਰਮਤ ਅਨੁਸਾਰ ਬੀਬੀਆਂ ਨੂੰ ਹੱਕ ਪ੍ਰਾਪਤ ਹੈ। ਇਸ ਵਿਚ ਵਿਤਕਰਾ ਨਹੀਂ ਹੋ ਸਕਦਾ।

੩. ਸਿੱਖੀ ਵਿਚ ਜ਼ਾਤ ਪਾਤ ਲਈ ਕੋਈ ਥਾਂ ਨਹੀਂ। ਅੰਮ੍ਰਿਤ ਸਭ ਲਈ ਇਕੋ ਹੈ। ਭਿੰਨ ਭੇਦ ਗੁਰਮਤਿ ਦਾ ਵਿਰੋਧ ਹੈ।

੪. 'ਸੁਖ ਨਿਧਾਨ' ਦੀ ਸ਼ਰਦਾਈ ਦਾ ਭੋਗ ਲਵਾਉਣ ਗ਼ਲਤ ਹੈ।

੫. ਸ਼ਰੋਮਣੀ ਗੁ: ਪ੍ਰ: ਕਮੇਟੀ ਅਤੇ ਸ਼ਰੋਮਣੀ ਅਕਾਲੀ ਦਲ ਨੇ ਬੁੱਢਾ ਦਲ ਜਾਂ ਉਨ੍ਹਾਂ ਦੇ ਜੱਥੇਦਾਰ ਜੀ ਨੂੰ ਅਜਿਹਾ ਫ਼ੈਸਲਾ ਕਰਨ ਦੇ ਅਧਿਕਾਰ ਨਹੀਂ ਦਿਤੇ ਸਨ।

# ਨਸ-ਬੰਦੀ ਬਾਰੇ ਸ਼੍ਰੋਮਣੀ ਗੁ. ਪ੍ਰ. ਕਮੇਟੀ ਦਾ ਮਤਾ

ਸ਼ਰੋਮਣੀ ਗੁ: ਪ੍ਰ: ਕਮੇਟੀ ਵਿਚ ਨਸ-ਬੰਦੀ ਬਾਰੇ ਰੋਸ-ਪੱਤਰ ਪੁਜਣ ਉਪਰੰਤ ਸ਼੍ਰ: ਗੁ: ਪ੍ਰ: ਕਮੇਟੀ ਵਲੋਂ ਸ੍ਰੀ ਤਖ਼ਤ ਸਾਹਿਬਾਨ ਦੇ ਜੱਥੇਦਾਰਾਂ ਅਤੇ ਸਿਖ ਵਿਦਵਾਨਾਂ ਦੀ ਇਕ ਵਿਸ਼ੇਸ਼ ਇਕੱਤ੍ਰਤਾ ਬੁਲਾਈ ਗਈ। ਉਨ੍ਹਾਂ ਵਲੋਂ ਨਿਮਨ ਲਿਖਤ ਫ਼ੈਸਲਾ ਕੀਤਾ ਗਿਆ—

**"ਸਿਖ ਧਰਮ ਵਿਚ ਸਿਖਾਂ ਲਈ ਰੋਮਾਂ ਦੀ ਬੇਅਦਬੀ ਕਰਨਾ ਵਿਵਰਜਿਤ ਹੈ। ਤੇ ਸਿਖੀ ਤੋਂ ਪਤਿਤ ਹੋਣ ਤੁਲ ਹੈ। ਸੋ ਕਿਸੇ ਸਿਖ ਦਾ ਨਸ-ਬੰਦੀ ਲਈ ਜਬਰੀ ਉਪਰਾਲਾ ਕਰਨਾ ਸਿਖੀ ਦੇ ਬੁਨਿਆਦੀ ਅਤੇ ਮੁਢਲੇ ਸਿਧਾਂਤਾਂ ਦਾ ਐਨ ਉਲਟ ਅਤੇ ਉਸ ਦੇ ਧਰਮ ਵਿਚ ਸਿਧੀ ਮੁਦਾਖ਼ਲਤ ਹੈ। ਇਸ ਲਈ ਐਸੀ ਕਾਰਵਾਈ ਨੂੰ ਕਿਸੇ ਤਰ੍ਹਾਂ ਵੀ ਯੋਗ ਕਰਾਰ ਨਹੀਂ ਦਿਤਾ ਜਾ ਸਕਦਾ।"**

[ਗੁਰਮਤਿ ਪ੍ਰਕਾਸ਼ ਅਕਤੂਬਰ ੧੯੭੬, [ਬਾਕੀ ਅਗਲੇ ਪਰਚੇ ਵਿਚ

www.AKJ.Org

## ਭਾ: ਸਾ: ਰਣਧੀਰ ਸਿੰਘ ਜੀ ਦੀ ਸ਼ਤਾਬਦੀ 1978 ਸੁਚਾਰੂ ਤੌਰ ਤੇ ਮਨਾਈ ਜਾਵੇਗੀ

ਪ੍ਰਸਿਧ ਅਜ਼ਾਦੀ ਸੰਗਰਾਮੀਏ, ਭਾਈ ਸਾਹਿਬ (ਸੰਤ) ਰਣਧੀਰ ਸਿੰਘ ਜੀ ਦੀ ਸੌ ਸਾਲਾ ਸ਼ਤਾਬਦੀ ੭ ਜੂਨ ੧੯੭੮ ਵਿਚ ਪ੍ਰਭਾਵਸ਼ੀਲ ਢੰਗ ਨਾਲ ਮਨਾਈ ਜਾਵੇਗੀ। ਕਮੇਟੀ ਮੁਕੱਰਰ ਹੋ ਗਈ ਹੈ ਤੇ ਪਹਿਲੀ ਮੀਟਿੰਗ ੯ ਦਸੰਬਰ ਨੂੰ ਚੰਡੀਗੜ੍ਹ ਵਿਖੇ ਮੁਖ ਮੰਤਰੀ ਗਿ: ਜ਼ੈਲ ਸਿੰਘ ਜੀ ਦੀ ਪ੍ਰਧਾਨਗੀ ਹੇਠ ਹੋ ਰਹੀ ਹੈ।

[ਵੇਰਵਾ ਆਉਂਦੇ ਪਰਚੇ ਵਿਚ

---

## ਗਿਆਨੀ ਸੇਵਾ ਸਿੰਘ ਜੀ ਸੇਵਕ ਤਰਨ ਤਾਰਨ ਅਕਾਲ ਚਲਾਣਾ ਕਰ ਗਏ

ਗਿਆਨੀ ਸੇਵਾ ਸਿੰਘ ਜੀ ਸੇਵਕ ਬੜੇ ਗੰਭੀਰ, ਮਿਠ ਬੋਲੜੇ, ਨਾਮ ਬਾਣੀ ਦੇ ਰਸੀਏ ਤੇ ਆਦਰਸ਼ਕ ਜੀਵਨ ਵਾਲੇ ਗੁਰਸਿਖ ਸਨ। ਆਪ ੧੧ ਨਵੰਬਰ ੧੯੭੬ ਨੂੰ ਅਕਾਲ ਚਲਾਣਾ ਕਰ ਗਏ ਹਨ। ਆਪ ਜੀ ਦੇ ਨਮਿਤ ਸੇਵਕ ਨਿਵਾਸ ਤਰਨ ਤਾਰਨ ਵਿਖੇ ਕੀਰਤਨ ਸਮਾਗਮ ਹੋਏ, ਅਤੇ ਅਰਦਾਸ ਹੋਈ ਕਿ ਸਤਿਗੁਰੂ ਜੀ ਵਿਛੜੀ ਰੂਹ ਨੂੰ ਆਪਣੇ ਚਰਨਾਂ ਵਿਚ ਨਿਵਾਸ ਬਖ਼ਸ਼ਣ।

---

## ਬਾਬਾ ਅਜੀਤ ਸਿੰਘ ਨਗਰ [ਮੋਹਾਲੀ ਚੰਡੀਗੜ੍ਹ] ਵਿਖੇ ਰੈਣ ਸਬਾਈ ਕੀਰਤਨ

ਭਾਈ ਨਿਰੰਜਨ ਸਿੰਘ ਜੀ, Phase I, H-489 ਬਾਬਾ ਅਜੀਤ ਸਿੰਘ ਨਗਰ (ਮੋਹਾਲੀ ਚੰਡੀਗੜ੍ਹ) ਦੇ ਗ੍ਰਿਹਿ ਵਿਖੇ ੧੧ ਦਸੰਬਰ ਸ਼ਨੀਵਾਰ ਸ਼ਾਮ ਨੂੰ ਅਠ ਵਜੇ ਕੀਰਤਨ ਰੈਣ ਸਬਾਈ ਅਰੰਭ ਹੋਣਗੇ, ਜਿਸ ਦੇ ਭੋਗ ਐਤਵਾਰ ਦੁਪਹਿਰੇ ੧੨ ਵਜੇ ਪੈਣਗੇ। ਵਖ ਵਖ ਸ਼ਹਿਰਾਂ ਤੋਂ ਅਖੰਡ ਕੀਰਤਨੀ ਜਥੇ ਪੁਜ ਰਹੇ ਹਨ। ਸਮੂੰਹ ਸੰਗਤਾਂ ਹਾਜ਼ਰੀਆਂ ਭਰ ਕੇ ਲਾਹੇ ਲੈਣ।

---

## ਪਿੰਡ ਦੀਵਾਲੀ ਲਾਗੇ ਜੰਡਿਆਲਾ ਜ਼ਿਲਾ ਜਲੰਧਰ ਵਿਖੇ ਕੀਰਤਨ ਰੈਣ ਸਬਾਈ

ਸ: ਗੁਰਦੀਪ ਸਿੰਘ, ਗਾਂਧੀ ਚੌਕ, ਫਗਵਾੜਾ ਤੋਂ ਇਤਲਾਹ ਦਿੰਦੇ ਹਨ ਕਿ ਉਪਰੋਕਤ ਪਿੰਡ ਵਿਚ ਸ਼ਨੀਵਾਰ ੧੧ ਦਸੰਬਰ ਦੀ ਰਾਤ ਨੂੰ ਰੈਣ ਸਬਾਈ ਕੀਰਤਨ ਹੋਣਗੇ। ਕੀਰਤਨ-ਰਸੀਏ ਪੁਜ ਕੇ ਲਾਭ ਪ੍ਰਾਪਤ ਕਰਨ। ਪਿੰਡ 'ਦੀਵਾਲੀ' ਜੰਡਿਆਲਾ (ਜ਼ਿਲਾ ਜਲੰਧਰ) ਤੋਂ ਚਾਰ ਮੀਲਾਂ ਤੇ ਜਲੰਧਰ-ਜੰਡਿਆਲਾ ਰੋਡ ਤੇ ਹੈ।

---

## ਸ੍ਰੀ ਚਮਕੌਰ ਸਾਹਿਬ ਤੇ ਖੈੜੀ ਸਲਾਵਤ ਪੁਰ ਵਿਖੇ ਅਖੰਡ ਕੀਰਤਨ ਸਮਾਗਮ

ਸ: ਬਚਨ ਸਿੰਘ ਨਿਧਾਨ ਸਿੰਘ ਖੈੜੀ ਸਲਾਵਤਪੁਰ ਜ਼ਿਲਾ ਰੋਪੜ ਇਤਲਾਹ ਦਿੰਦੇ ਹਨ ਕਿ ਪਿੰਡ ਖੈੜੀ ਸਲਾਵਤਪੁਰ ਵਿਖੇ ੧੮ ਦਸੰਬਰ ਸ਼ਨੀਵਾਰ ਸਵੇਰੇ ਸ੍ਰੀ ਅਖੰਡਪਾਠ ਦੇ ਭੋਗ ਪੈ ਕੇ ੧੨-੩੦ ਦੁਪਹਿਰ ਤਕ ਅਖੰਡ ਕੀਰਤਨ ਹੋਣਗੇ। ਰਾਤ ਨੂੰ ਅਠ ਵਜੇ ਰੈਣ ਸਬਾਈ ਕੀਰਤਨ ਅਰੰਭ ਹੋਣਗੇ। ੧੯ ਦਸੰਬਰ ਐਤਵਾਰ ਸਵੇਰੇ ੮ ਵਜੇ ਸਮਾਪਤੀ ਹੋਵੇਗੀ।

**ਸ੍ਰੀ ਚਮਕੌਰ ਸਾਹਿਬ ਗੁਰਦਵਾਰਾ ਕਤਲਗੜ੍ਹ ਸਾਹਿਬ** ਵਿਖੇ ੧੭ ਦਸੰਬਰ ਰਾਤ ਨੂੰ ਸਤ ਤੋਂ ਦਸ ਵਜੇ ਤਕ ਅਖੰਡ ਕੀਰਤਨ ਹੋਣਗੇ। ਸ੍ਰੀ ਚਮਕੌਰ ਸਾਹਿਬ ਤੋਂ ਕੇਵਲ ਚਾਰ ਕਿਲੋ ਮੀਟਰ ਪਿੰਡ ਖੈੜੀ ਸਲਾਵਤਪੁਰ ਹੈ।

---

**ਦਿਲੀ ਨਿਵਾਸੀ ਪਾਠਕ ਪਤਾ ਦੇਣ**—ਦਿਲੀ ਵਿਖੇ ਐਤਕੀ ਦੁਸਹਿਰੇ ਸਮੇਂ ਅਖੰਡ ਕੀਰਤਨੀ ਸਮਾਗਮਾਂ ਤੇ 1.10.76 ਨੂੰ ਸ: ਸਰੂਪ ਸਿੰਘ ਜੀ ਕੀਰਤੀ ਨਗਰ 8/- ਚੰਦਾ ਜਮ੍ਹਾ ਕਰਵਾ ਗਏ। ਪੂਰਾ ਪਤਾ ਸਵੇਰੇ ਦੇਣ ਲਈ ਕਹਿ ਗਏ ਸਨ। ਪਰ ਉਨ੍ਹਾਂ ਵਲੋਂ ਪੂਰਾ ਐਡਰੈਸ ਅਜ ਤਕ ਉਡੀਕ ਰਹੇ ਹਾਂ। ਐਡਰੈਸ ਭੇਜੋ ਜੀ, ਤਾਕਿ ਪਰਚਾ ਭੇਜਣਾ ਸ਼ੁਰੂ ਕਰੀਏ।



www.AKJ.Org

# 'ਸੂਰਾ' ਮਾਸਕ ਪੱਤਰ ਦੇ ਨਵੇਂ ਅਮਾਨਤੀ ਲਾਈਫ਼ ਮੈਂਬਰ

ਇਨ੍ਹਾਂ ਸਜਣਾਂ ਵਲੋਂ ਸੌ ਸੌ ਰੁਪਏ ਪੁਜੇ ਹਨ। ਬੈਂਕ ਵਿਚ ਰਕਮਾਂ ਦੀਆਂ ਐਫ. ਡੀਆਂ ਹੇਠ ਲਿਖੇ ਅਨੁਸਾਰ ਬਣਵਾ ਦਿਤੀਆਂ ਹਨ– ।

| | | | | |
|---|---|---|---|---|
| 180. ਸ: ਦਰਸ਼ਨ ਸਿੰਘ ਜੀ | [ਚਿਟ ਨੰਬਰ | 3180] | 211114/1787/76 | ਮਿਤੀ 10. 11. 76 |
| 181. ਸ. ਇੰਦਰ ਸਿੰਘ ਜੀ ਨੰਬਰਦਾਰ | [ ,, | 3181] | 211115/1788/76 | ,, ,, |
| 182. ਸ: ਨਰਿੰਦਰ ਸਿੰਘ ਜੀ R.S.A. | [ ,, | 3182] | 211116/1789/76 | ,, ,, |
| 183. ਸ: ਕੁਲਵੰਤ ਸਿੰਘ ਜੀ | [ ,, | 3183] | 211117/1790/76 | ,, ,, |
| 184. ਬੀਬੀ ਮਨਜੀਤ ਕੌਰ ਜੀ | [ ,, | 3184] | 211118/1791/76 | ,, ,, |
| 185. ਸ:ਜਸਵਿੰਦ੍ਰਸਿੰਘS/oਸ:ਅਜੀਤਸਿੰਘਸਿਧੂ | [ ,, | 3185] | 211119/1792/76 | ,, ,, |
| 186. ਸ: ਜਗਜੀਤ ਸਿੰਘ ਜੀ ਗਰੇਵਾਲ | [ ,, | 3186] | 211120/1793/76 | ,, ,, |
| 187. ਡਾ:ਮਹਿੰਦਰਸਿੰਘਜੀ ਡੈਂਟਲ ਸਰਜਨ | [ ,, | 3187] | 211121/1794/76 | ,, ,, |
| 188. ਸ:ਅਜੀਤ ਸਿੰਘ ਜੀ ਵੈਟਰੇਨੀਅਨ | [ ,, | 3188] | 211122/1795/76 | ,, ,, |
| 189. ਸ: ਗੁਰਦੇਵ ਸਿੰਘ ਜੀ J. E. | [ ,, | 3189] | 211123/1796/76 | ,, ,, |
| 190. ਸ: ਭੁਪਿੰਦਰ ਸਿੰਘ ਜੀ | [ ,, | 3190] | 211192/1865/76 | 26. 11. 76 |
| 191. ਸ: ਮੋਹਨ ਸਿੰਘ ਜੀ ਗਾਰਡ | [ ,, | 3191] | 211193/1866/76 | ,, ,, |
| 192. ਸ: ਪ੍ਰਾਣ ਸਿੰਘ ਜੀ | [ ,, | 3192] | 211194/1867/76 | ,, ,, |
| 193. ਸ: ਜਸਬੀਰ ਸਿੰਘ ਜੀ ਕੋਹਲੀ | [ ,, | 3193] | 211195/1868/76 | ,, ,, |
| 194. ਸ:ਅਵਤਾਰ ਸਿੰਘS/oਸ:ਹਰਭਜਨ ਸਿੰਘ | [ ,, | 3194] | 211196/1869/76 | ,, ,, |
| 195. ਸ:ਪ੍ਰੀਤਮਸਿੰਘਟੈਕਸੀਡਰਾਈਵਰ | [ ,, | 3195] | 211197/1870/76 | ,, ,, |
| 196. Flt. Sgt. ਮਹਿੰਗਾ ਸਿੰਘ ਜੀ | [ ,, | 3196] | 211198/1871/76 | ,, ,, |

## ਰਿਸ਼ਤੇ ਨਾਤੇ–

ਲੋੜਵੰਦ ਸਜਣ ਚਿਠੀ 'ਸੂਰਾ' ਮਾਸਕ ਪੱਤਰ, ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ ਨੂੰ ਲਿਖਣ ਅਤੇ ਐਡਰੈਸ ਉਪਰ ਫ਼ਾਰਮ ਨੰਬਰ ਜ਼ਰੂਰ ਲਿਖਣ।

ਫ਼ਾਰਮ ਨੰ: 52—ਇਕ 31 ਸਾਲਾ ਅੰਮ੍ਰਿਤਧਾਰੀ ਸਿੰਘ ਅਧਿਆਪਕ, ਵਿਦਿਆ B.Sc. ਮਾਸਕ ਆਮਦਨ 500/-, ਕਦ 5 ਫੁਟ 2 ਇੰਚ ਲਈ B Sc. ਨਿਤਨੇਮਣ ਅੰਮ੍ਰਿਤਧਾਰੀ ਸਿੰਘਣੀ ਦੀ ਲੋੜ ਹੈ।

ਫ਼ਾਰਮ ਨੰ: 53—ਇਕ 27 ਸਾਲਾ ਅੰਮ੍ਰਿਤਧਾਰੀ ਸਿੰਘ, ਪੰਜਾਬ ਸਿੰਧ ਬੈਂਕ ਵਿਚ ਚਪੜਾਸੀ, ਮਾਸਕ ਤਨਖਾਹ 425/- ਅਤੇ 10000/- ਰੁਪਏ ਬੈਂਕ ਵਿਚ ਜਮ੍ਹਾ, ਕਦ 5 ਫੁਟ 3 ਇੰਚ, ਪੰਜ ਬਾਣੀ ਨਿਤਨੇਮੀ ਲਈ ਅੰਮ੍ਰਿਤਧਾਰੀ ਸਿੰਘਣੀ ਦੀ ਲੋੜ ਹੈ।

ਫ਼ਾਰਮ ਨੰ: 54—ਇਕ 26 ਸਾਲਾ ਅੰਮ੍ਰਿਤਧਾਰੀ ਕੇਸਕੀ ਸਹਿਤ ਬੀਬੀ, M.B.B.S, ਕਦ 5 ਫੁਟ, ਮਾਸਕ ਤਨਖਾਹ 1080/- ਰੁਪਏ, ਸਾਰਾ ਪ੍ਰਵਾਰ ਅੰਮ੍ਰਿਤਧਾਰੀ, ਬੀਬੀ ਕੀਰਤਨੀ, ਲਈ ਯੋਗ ਵਰ ਦੀ ਲੋੜ ਹੈ, ਡਾਕਟਰ ਨੂੰ ਪਹਿਲ ਦਿੱਤੀ ਜਾਵੇਗੀ।

ਫ਼ਾਰਮ ਨੰ: 55—ਇਕ 25 ਸਾਲਾ, ਸਾਇੰਸ ਅਧਿਆਪਕਾ ਅੰਮ੍ਰਿਤਧਾਰੀ ਬੀਬੀ, ਮਾਸਕ ਆਮਦਨ 550/- ਰੁਪਏ, ਕਦ 5 ਫੁਟ 2 ਇੰਚ, ਵਿਦਿਆ B.Sc. B.Ed , ਲਈ ਚੰਗੇ ਕਾਰੋਬਾਰ ਜਾਂ ਅਹੁਦੇ ਤੇ ਨੀਅਤ ਅੰਮ੍ਰਿਤਧਾਰੀ ਵਰ ਦੀ ਲੋੜ ਹੈ।

ਫ਼ਾਰਮ ਨੰ: 56—ਇਕ ਸਾਢੇ ਉਨੀ ਸਾਲਾ, ਹਾਇਰ ਸੈਕੰਡਰੀ, ਕਦ 5 ਫੁਟ 3 ਇੰਚ, ਘਰ ਦੇ ਕੰਮ ਕਾਰ, ਸਲਾਈ ਕਢਾਈ ਦੇ ਕੰਮ ਵਿਚ ਨਿਪੁੰਨ, ਅਖੰਡ ਪਾਠਣ ਤੇ ਕੀਰਤਨੀ ਪੰਜ ਬਾਣੀ ਨਿਤਨੇਮਣ ਬੀਬੀ ਲਈ ਗੁਰਮੁਖ ਵਰ ਦੀ ਲੋੜ ਹੈ।

ਫ਼ਾਰਮ ਨੰ: 57—ਇਕ 21 ਸਾਲਾ ਸਿੰਘ, ਕਦ 5 ਫੁਟ 10 ਇੰਚ, ਮੈਟਰਿਕ ਪਾਸ, ਅਗੇ ਪੜ੍ਹਾਈ ਜਾਰੀ, ਪੱਕੀ ਨੌਕਰੀ, ਮਾਸਕ ਤਨਖਾਹ 400/- ਰੁਪਏ, ਨਿਤਨੇਮੀ ਲਈ ਅੰਮ੍ਰਿਤਧਾਰੀ ਸਿੰਘਣੀ ਦੀ ਲੋੜ ਹੈ, ਨੌਕਰੀ ਵਾਲੀ ਨੂੰ ਪਹਿਲ ਦਿਤੀ ਜਾਵੇਗੀ

ਫ਼ਾਰਮ ਨੰ: 58—ਇਕ ਅੰਮ੍ਰਿਤਧਾਰੀ ਕੀਰਤਨੀ ਬੀਬੀ, ਕਦ 5 ਫੁਟ 2 ਇੰਚ, B.A, B.Ed. ਲਈ–ਨੌਕਰੀ ਜਾਂ ਕਾਰੋਬਾਰ ਵਾਲੇ ਗੁਰਸਿਖ ਪ੍ਰਵਾਰ ਵਿਚੋਂ ਵਰ ਦੀ ਲੋੜ ਹੈ।

www.AKJ.Org

# ਪੋਹ ਸੁਦੀ ਸਪਤਮੀ ਸਾਲਾਨਾ ਸਮਾਗਮ ਲੁਧਿਆਣਾ

## ੨੫ ਦਸੰਬਰ ਸਨਿਚਰਵਾਰ ਸਵੇਰ ਤੋਂ ੨੮ ਦਸੰਬਰ ੧੯੭੬ ਸਵੇਰ ਤਕ

ਸਤਿਗੁਰੂ ਸਚੇ ਪਾਤਸ਼ਾਹ ਦੀ ਅਪਾਰ ਕਿਰਪਾ ਦੁਆਰਾ, ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਅਵਤਾਰ ਦਿਵਸ ਗੁਰਪੁਰਬ ਸਦਾ ਵਾਂਗ ਮਾਡਲ ਟਾਊਨ ਲੁਧਿਆਣਾ ਵਿਖੇ ਬੜੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ। ਇਸ ਸਮਾਗਮ ਵਿਚ ਭਾਰਤ ਭਰ ਦੇ ਕੋਨੇ ਕੋਨੇ ਤੋਂ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੇ ਕੀਰਤਨੀ ਜਥੇ ਪੁਜ ਕੇ ਰਸ-ਭਿੰਨੇ ਕੀਰਤਨ ਦੁਆਰਾ ਨਿਹਾਲ ਕਰਨਗੇ। ਆਪ ਜੀ ਸਹਿਤ ਪਰਵਾਰ ਤੇ ਸਤਸੰਗੀਆਂ ਦੇ ਦੀਦਾਰੇ ਬਖ਼ਸ਼ੋ ਜੀ।

### ਪ੍ਰੋਗਰਾਮ :-

੨੫ ਦਸੰਬਰ ਸ਼ਨੀਵਾਰ ਸਵੇਰੇ :- ੫-੩੦ ਤੋਂ ੮-੦੦ ਕੀਰਤਨ ਆਸਾ ਦੀ ਵਾਰ, ਉਪਰੰਤ ਅਰੰਭ ਸ੍ਰੀ ਅਖੰਡਪਾਠ
ਸ਼ਾਮ :- ੬-੩੦ ਤੋਂ ੯-੦੦ ਅਖੰਡ ਕੀਰਤਨ

੨੬ ਦਸੰਬਰ ਐਤਵਾਰ ਸਵੇਰੇ :- ੬-੦੦ ਤੋਂ ੧੨-੦੦ ਕੀਰਤਨ ਆਸਾ ਦੀ ਵਾਰ
ਸ਼ਾਮ :- ੬-੩੦ ਤੋਂ ੯-੦੦ ਅਖੰਡ ਕੀਰਤਨ

੨੭ ਦਸੰਬਰ ਸੋਮਵਾਰ ਸਵੇਰੇ :- ੬-੦੦ ਤੋਂ ੬-੩੦ ਭੋਗ ਸ੍ਰੀ ਅਖੰਡਪਾਠ, ਉਪਰੰਤ ਕੀਰਤਨ ਆਸਾ ਦੀ ਵਾਰ
ਦੁਪਹਿਰ ਪਿਛੋਂ ਅੰਮ੍ਰਿਤ-ਸਿੰਚਾਰ ਸਮਾਗਮ ਹੋਵੇਗਾ।
ਸ਼ਾਮ ੭-੩੦ ਅਰੰਭ ਰੈਣ ਸਬਾਈ ਕੀਰਤਨ, ੨੮ ਦਸੰਬਰ ਮੰਗਲਵਾਰ ਸਵੇਰੇ ੭-੩੦ ਸਮਾਪਤੀ।

ਨੋਟ :- ੧. ਸਾਰੇ ਕੀਰਤਨ ਪ੍ਰੋਗਰਾਮ ਸ੍ਰੀ ਗੁਰੂ ਸਿੰਘ ਸਭਾ, ਮਾਡਲ ਟਾਊਨ, ਲੁਧਿਆਣਾ ਵਿਖੇ ਹੋਣਗੇ।
੨. ਸਵਾਗਤੀ ਦਫ਼ਤਰ ਸ੍ਰੀ ਗੁਰੂ ਸਿੰਘ ਸਭਾ ਵਿਖੇ ਹੋਵੇਗਾ।
੩. ਬਿਸਤਰੇ ਜ਼ਰੂਰ ਲਿਆਉਣੇ ਜੀ।

ਪੁੱਛ ਗਿੱਛ :-ਬਲਬੀਰ ਸਿੰਘ, ੧੨੬, ਮਾਡਲ ਟਾਊਨ, ਲੁਧਿਆਣਾ
ਦਰਸ਼ਨ ਸਿੰਘ, ੮/੯, ਐਗਰੀਕਲਚਰ ਯੂਨੀਵਰਸਿਟੀ, ਲੁਧਿਆਣਾ

ਦਰਸ਼ਨ ਅਭਿਲਾਖੀ ਦਾਸਰੇ
ਅਖੰਡ ਕੀਰਤਨੀ ਜਥਾ, ਲੁਧਿਆਣਾ

---

# ਬਾਬਾ ਸੁਰਜਨ ਸਿੰਘ ਜੀ ਗੁਜਰਵਾਲ ਅਕਾਲ ਚਲਾਣਾ ਕਰ ਗਏ

ਬਾਬਾ ਸੁਰਜਨ ਸਿੰਘ ਜੀ ਉਨ੍ਹਾਂ ਗਿਣਤੀ ਦੀਆਂ ਵਿਅਕਤੀਆਂ ਵਿਚੋਂ ਸਨ, ਜਿਨ੍ਹਾਂ ਨੂੰ ਭਾਈ ਸਾਹਿਬ ਭਾ: ਰਣਧੀਰ ਸਿੰਘ ਜੀ ਦੀ ਓਦੋਂ ਤੋਂ ਸੰਗਤ ਪ੍ਰਾਪਤ ਰਹੀ ਹੈ ਜਦੋਂ ਤੋਂ ਉਨ੍ਹਾਂ ਨੇ ਗੁਰਸਿਖੀ ਦੇ ਜਗਿਆਸੂਆਂ ਨੂੰ ਗੁਰਮਤਿ ਮਾਰਗ ਤੇ ਤੋਰਨ ਲਈ ਅਖੰਡਪਾਠ, ਅਖੰਡ ਕੀਰਤਨ ਅਤੇ ਅੰਮ੍ਰਿਤ-ਸਿੰਚਾਰ ਸਮਾਗਮ ਅਰੰਭੇ ਸਨ ਅਤੇ ਇਹ ਸਾਥ ਅੰਤ ਤਕ ਨਿਭਿਆ।

ਬਾਬਾ ਸੁਰਜਨ ਸਿੰਘ ਜੀ ੧੦ ਨਵੰਬਰ ੧੯੭੬ ਦੀ ਰਾਤ ਨੂੰ ੯ ਵਜੇ ਚੰਡੀਗੜ੍ਹ ਵਿਖੇ ਅਕਾਲ ਚਲਾਣਾ ਕਰ ਗਏ ਹਨ। ਉਨ੍ਹਾਂ ਦੇ ਨਮਿਤ ੨੧ ਨਵੰਬਰ ਨੂੰ ਸ੍ਰੀ ਅੰਮ੍ਰਿਤਸਰ ਵਿਖੇ ਕੀਰਤਨ ਸਮਾਗਮ ਉਪਰੰਤ ਅਰਦਾਸੇ ਵਿਖੇ ਸਮੂਹ ਸੰਗਤਾਂ ਨੇ ਹਾਜ਼ਰੀਆਂ ਭਰੀਆਂ। ਉਨ੍ਹਾਂ ਦੇ ਨਮਿਤ ਚੰਡੀਗੜ੍ਹ ਮਕਾਨ ਨੰਬਰ 3436, ਸੈਕਟਰ 27-ਡੀ ਵਿਖੇ ਸ੍ਰੀ ਅਖੰਡਪਾਠ ਦੇ ਭੋਗ ਪਾਏ ਗਏ ਅਤੇ ਦੁਪਹਿਰ ਤਕ ਅਖੰਡ ਕੀਰਤਨ ਹੋਏ। ਸਤਿਗੁਰੂ ਵਿਛੜੀ ਰੂਹ ਨੂੰ ਆਪਣੇ ਚਰਨਾਂ ਵਿਚ ਨਿਵਾਸ ਬਖ਼ਸ਼ਣ।

---

# ਭਾਈ ਸਾਹਿਬ ਰਣਧੀਰ ਸਿੰਘ ਜੀ ਲਿਖਤ ਪੁਸਤਕਾਂ

| | | | | |
|---|---|---|---|---|
| ਕੀ ਗੁਰੂ ਗ੍ਰੰਥ ਸਾਹਿਬ ਦੀ ਪੂਜਾ ਬੁੱਤ-ਪ੍ਰਸਤੀ ਹੈ ? | | ੩-੦੦ | ਗੁਰਮਤਿ ਬਿਬੇਕ | ੭-੫੦ |
| ਗੁਰਮਤਿ ਸਚ ਨਿਰਣੈ | | ੬-੦੦ | ਗੁਰਮਤਿ ਗੌਰਵਤਾ | ੭-੦੦ |
| ਝਟਕਾ ਮਾਸ ਪ੍ਰਥਾਇ ਤਤ ਨਿਰਣੈ | | ੩-੦੦ | ਦਰਸ਼ਨ ਝਲਕਾਂ | ੨-੫੦ |
| ਗੁਰਮਤਿ ਰਮਜ਼ਾਂ | | ੧-੩੦ | ਅੰਮ੍ਰਿਤ ਕੀ ਹੈ ? | ੨-੦੦ |
| ਗੁਰਮਤਿ ਨਾਮ ਅਭਿਆਸ ਕਮਾਈ | ੪-੫੦ | ੬-੫੦ | ਉਮਰ ਕੈਦੀ ਦਾ ਸੁਪਨਾ | ੦-੨੫ |
| ਕੋ ਵਿਰਲਾ ਗੁਰਮਤਿ ਚਲੈ ਜੀਉ | | ੦-੨੦ | ਸਿਖ ਕੌਣ ਹੈ ? | ੦-੨੦ |
| ਸੱਚੀਆਂ ਦਾੜ੍ਹੀਆਂ | | ੦-੨੦ | ਚਰਨ ਕਮਲ ਕੀ ਮਉਜ | ੦-੭੫ |

www.AKJ.Org